act Autism Community Training

# ਬ੍ਰਿਟਿਸ਼ ਕੋਲੰਬੀਆ ਵਿਚ ਔਟਿਜ਼ਮ ਦੀ ਪਛਾਣ ਹੋਣ ਤੋਂ ਬਾਅਦ ਅਗਲੇ ਕਦਮ

**ਕਦਮ 1**

ਔਟਿਜ਼ਮ ਦੀ ਫੰਡਿੰਗ ਬਾਰੇ ਸਮਝੌਤਾ ਕਰਨਾ

↓

**ਕਦਮ 2**

ਔਟਿਜ਼ਮ ਦੇ ਇਲਾਜ ਬਾਰੇ ਸਿੱਖਣਾ

↓

**ਕਦਮ 3**

ਤੁਹਾਡੇ ਪਰਿਵਾਰ ਨਾਲ ਕੰਮ ਕਰਨ ਵਾਲੇ ਪੇਸ਼ਾਵਰ ਲੱਭਣ

↓

**ਕਦਮ 4**

ਸੇਵਾ ਪ੍ਰਦਾਨ ਕਰਤਾ ਨੂੰ ਰੱਖਣਾ ਤੇ ਠੇਕਾ ਦੇਣਾ

↓

**ਕਦਮ 5**

ਇਕ ਮਜ਼ਬੂਤ ਟੀਮ ਬਣਾਉਣੀ ਤੇ ਕਾਇਮ ਰੱਖਣੀ

↓

**ਕਦਮ 6**

ਔਟਿਜ਼ਮ ਬਾਰੇ ਸਿੱਖਦੇ ਰਹਿਣਾ

## ACT (ਐਕਟ) ਔਟਿਜ਼ਮ ਕਮਿਊਨਿਟੀ ਟਰੇਨਿੰਗ ਵਿਚ ਤੁਹਾਡਾ ਸੁਆਗਤ ਹੈ

ਐਕਟ ਨੇ ਅਗਲੇ ਕਦਮਾਂ ਵਾਲੀ ਇਹ ਗਾਈਡ ਤਿਆਰ ਕੀਤੀ ਹੈ, ਜੋ ਮਾਪਿਆਂ ਦੇ ਨਵੇਂ ਡਾਕਟਰੀ ਮੁਆਇਨਾ ਪੈਕੇਜ ਦਾ ਹਿੱਸਾ ਹੈ। ਇਹ ਉਹ ਪੈਕੇਜ ਹੈ, ਜੋ ਅਸੀਂ ਇਕ ਚਮਕਦਾਰ ਲਾਲ ਫੋਲਡਰ ਵਿਚ, ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਡਾਕਟਰੀ ਮੁਆਇਨਾਕਾਰਾਂ ਨੂੰ ਭੇਜਦੇ ਹਾਂ। ਮਾਪਿਆਂ ਨੂੰ ਇਹ ਦਸਤਾਵੇਜ਼ ਭੇਜਣ ਦਾ ਮਕਸਦ, ਉਨ੍ਹਾਂ ਮਾਪਿਆਂ ਨੂੰ 'ਇੰਟਰਵੈਨਸ਼ਨ(ਦਖਲ) ਪ੍ਰੋਗਰਾਮ ਵਿਚ ਪਾਉਣਾ ਹੈ, ਜਿਨ੍ਹਾਂ ਦੇ ਬੱਚਿਆਂ ਵਿਚ 'ਔਟਿਜ਼ਮ ਸਪੈਕਟਰਮ ਡਿਸਆਰਡਰ' (ਜਿਸ ਦਾ ਹਵਾਲਾ ਅਸੀਂ ਔਟਿਜ਼ਮ ਵਜੋਂ ਹੀ ਦਿਆਂਗੇ) ਦੀ ਹੁਣੇ-ਹੁਣੇ ਪਛਾਣ ਹੋਈ ਹੈ।

ਭਾਵੇਂ ਕਿਸੇ ਪਰਿਵਾਰ ਨੂੰ ਕੁੱਝ ਸਮੇਂ ਤੋਂ ਇਹ ਸ਼ੱਕ ਵੀ ਹੋਵੇ ਕਿ ਉਸ ਦੇ ਬੱਚੇ ਨੂੰ ਔਟਿਜ਼ਮ ਹੈ, ਪਰ ਮੁਆਇਨੇ ਵਿਚ ਇਸ ਦੀ ਪੁਸ਼ਟੀ ਹੋ ਜਾਣ ਨਾਲ ਪਰਿਵਾਰ ਨੂੰ ਧੱਕਾ ਵੀ ਲਗ ਸਕਦਾ ਹੈ ਤੇ ਰਾਹਤ ਵੀ ਮਿਲ ਸਕਦੀ ਹੈ। ਇਸ ਅਮਲ ਰਾਹੀ ਪਰਿਵਾਰਾਂ ਦੀ ਮਦਦ ਕਰਨ ਲਈ ਐਕਟ ਕੋਲ਼ ਬਹੁਤ ਵਸੀਲੇ ਹਨ। ਤੁਸੀਂ ਇਸ ਸਬੰਧ ਵਿਚ ਵੇਰਵਾ ਪੰਨਾ 12 ਉੱਤੇ ਦੇਖੋਗੇ।

ਅਸੀਂ ਮਾਪਿਆਂ, ਔਟਿਜ਼ਮ ਵਾਲੇ ਲੋਕਾਂ (ਹਰ ਉਮਰ ਦੇ) ਅਤੇ ਉਨ੍ਹਾਂ ਦੀ ਮਦਦ ਕਰਨ ਵਾਲੇ ਪੇਸ਼ਾਵਰ ਲੋਕਾਂ ਨੂੰ ਸਹਾਇਤਾ ਅਤੇ ਜਾਣਕਾਰੀ ਦਿੰਦੇ ਰਹਿੰਦੇ ਹਾਂ। ਸਾਡੀ ਬਹੁਤੀ ਜਾਣਕਾਰੀ, ਔਟਿਜ਼ਮ ਤੋਂ ਇਲਾਵਾ ਹੋਰ ਖ਼ਾਸ ਲੋੜਾਂ ਸਬੰਧੀ ਹੁੰਦੀ ਹੈ ਅਤੇ ਅਸੀ ਉਨ੍ਹਾਂ ਸਾਰਿਆਂ ਦਾ ਸੁਆਗਤ ਕਰਦੇ ਹਾਂ, ਜਿਨ੍ਹਾ ਨੂੰ ਸਾਡੇ ਵਸੀਲੇ ਫਾਇਦੇਮੰਦ ਲੱਗਦੇ ਹਨ।



ਕਿਰਪਾ ਕਰ ਕੇ ਇਹ ਧਿਆਨ ਵਿਚ ਰਖੋ ਕਿ ਇਹ ਜਾਣਕਾਰੀ ਸੰਖੇਪ ਹੀ ਹੈ। ਔਟਿਜ਼ਮ ਵਾਲਾ ਹਰ ਬੱਚਾ ਵਿਲੱਖਣ ਹੁੰਦਾ ਹੈ। ਉਮਰ ਵਧਣ ਦੇ ਨਾਲ-ਨਾਲ ਇਹ ਬੱਚੇ ਨਾਟਕੀ ਢੰਗ ਨਾਲ ਬਦਲਦੇ ਰਹਿੰਦੇ ਹਨ। ਮੇਰੇ ਤਜ਼ਰਬੇ ਅਨੁਸਾਰ ਉਹ ਕਾਫੀ ਤਰੱਕੀ ਕਰ ਲੈਂਦੇ ਹਨ। ਪਛਾਣ ਵੇਲੇ ਤੁਹਾਡੇ ਬੱਚੇ ਦੀ ਉਮਰ 2 ਤੋਂ 18 ਸਾਲਾਂ ਤਕ, ਜਿੰਨੀ ਵੀ ਹੋਵੇ, ਇਹ ਜਾਣਕਾਰੀ ਤੁਹਾਨੂੰ ਆਪਣੇ ਬੱਚੇ ਨਾਲ ਗੱਲਬਾਤ ਕਰਨ ਲਈ ਜਾਂ ਉਸ ਨੂੰ ਆਪਣੀ ਦੁਨੀਆ ਦਾ ਸਹੀ ਗਿਆਨ ਦੇਣ ਦੇ ਨਵੇਂ-ਨਵੇਂ ਢੰਗ-ਤਰੀਕੇ ਦੱਸਦੀ ਰਹਿੰਦੀ ਹੈ।

ਔਟਿਜ਼ਮ ਵਾਲੇ ਕਿਸੇ ਬੱਚੇ ਦਾ ਪਾਲਣ-ਪੋਸ਼ਣ ਕਰਦਿਆਂ ਕਈ ਪਰਿਵਾਰ ਇਹ ਮਹਿਸੂਸ ਕਰਦੇ ਹਨ ਕਿ ਜਿਥੇ ਔਟਿਜ਼ਮ ਕਾਰਣ ਵਿਘਨ ਤੇ ਭੰਬਲਭੂਸੇ ਦੇ ਨਾਲ-ਨਾਲ ਬਹੁਤ ਜ਼ਿਆਦਾ ਖਰਚੇ ਵਧਦੇ ਹਨ, ਉਥੇ ਔਟਿਜ਼ਮ ਵਾਲੇ ਬੱਚੇ ਖੁਸ਼ੀ ਅਤੇ ਮਨਪ੍ਰਚਾਵਾ ਦੇਣ ਦੇ ਨਾਲ-ਨਾਲ ਇਸ ਜਹਾਨ ਨੂੰ ਵੱਖਰੀਆਂ ਅੱਖਾਂ ਨਾਲ ਦੇਖਣ ਦਾ ਮੌਕਾ ਵੀ ਦਿੰਦੇ ਹਨ।

ਅਗਲੇ ਮਹੀਨਿਆਂ ਅਤੇ ਸਾਲਾਂ ਵਿਚ ਕਿਰਪਾ ਕਰ ਕੇ ਐਕਟ ਨੂੰ ਸਹਿਯੋਗ ਅਤੇ ਜਾਣਕਾਰੀ ਦਾ ਅਟੁੱਟ ਸੋਮਾ ਸਮਝਿਆ ਜਾਵੇ। ਸਾਨੂੰ ਤੁਹਾਡੇ ਫੋਨਾਂ, ਈਮੇਲਾਂ ਦੇ ਨਾਲ-ਨਾਲ ਸਾਡੇ ਦਫਤਰ ਵਿਚ ਫੇਰੀਆਂ ਪਾਉਣ ਦੀ ਉਡੀਕ ਅਤੇ ਐਕਟ ਦੇ ਸਮਾਗਮਾਂ ਵਿਚ ਤੁਹਾਨੂੰ ਮਿਲਣ ਦੀ ਤਾਂਘ ਰਹੇਗੀ।

ਸ਼ੁਭਚਿੰਤਕ,

Deborah Pugh

ਡੇਬਰਾਹ ਪਯੂ
ਐਗਜ਼ੀਕਿਊਟਿਵ ਡਾਇਰੈਕਟਰ
ਐਕਟ-ਔਟਿਜ਼ਮ ਕਮਿਊਨਿਟੀ ਟਰੇਨਿੰਗ


### Acknowledgement

ACT is very grateful to Autism Speaks Canada for funding the translation of this guide into Punjabi. This ongoing support has allowed ACT to focus on underserved communities.

AUTISM SPEAKS CANADA
It's time to listen.
Il faut écouter.


### ਐਕਟ ਦੀ ਨਿਊ ਡਾਇਗਨੋਸਿਸ ਹੱਬ – ਤੁਹਾਡੇ ਆਨਲਾਈਨ ਸੋਮੇ

The HUB

ਅਗਲੇ ਕਦਮਾਂ ਵਾਲੀ ਇਸ ਗਾਈਡ ਵਿਚ ਦਰਜ ਸਾਰੇ ਵਸੀਲਿਆਂ ਦੀ ਤਾਜ਼ਾ ਜਾਣਕਾਰੀ ਲਈ www.actcommunity.ca/newdiagnosishub ਨਿਊ ਡਾਇਗਨੋਸਿਸ ਹੱਬ 'ਤੇ ਜਾਓ।

ਇਸ ਤੋਂ ਵੀ ਵੱਧ, ਤਾਜ਼ਾ ਜਾਣਕਾਰੀ ਲਈ "The Hub" ਜ਼ਰੂਰ ਹੀ ਚੈੱਕ ਕਰੋ। ਜਿਨ੍ਹਾਂ ਕੋਲ ਇੰਟਰਨੈੱਟ ਨਹੀ ਹੈ, ਉਨ੍ਹਾਂ ਨੂੰ ਐਕਟ ਵਾਲੇ ਡਾਕ ਜਾਂ ਫੈਕਸ ਰਾਹੀਂ ਜਾਣਕਾਰੀ ਭੇਜ ਸਕਦੇ ਹਨ।

ਐਕਟ ਦੇ ਸੂਚਨਾ ਅਧਿਕਾਰੀ ਸਾਰੇ ਵਸੀਲਿਆਂ ਬਾਰੇ ਸਮਝਾਉਣ ਲਈ ਹਾਜ਼ਿਰ ਹਨ। ਉਹ ਅੰਗਰੇਜ਼ੀ, ਮੈਂਡਰਿਨ ਅਤੇ ਕੈਂਟਨੀਜ਼ ਵਿਚ ਜਾਣਕਾਰੀ ਦੇ ਸਕਦੇ ਹਨ।

**ACT Information Officers are available to help explain all of our resources. They can provide support in English, Mandarin & Cantonese.**

**ਹਫ਼ਤੇ ਦੌਰਾਨ : ਸਵੇਰੇ 8.30 ਤੋਂ ਸ਼ਾਮ – 4.30 ਵਜੇ ਤਕ**
**ਫੋਨ: 604-205-5467**
**ਮੁਫਤ ਫੋਨ: 1-866-939-5188**
**ਈਮੇਲ: info@actcommunity.ca**

**ਐਕਟ ਦੇ ਫੈਮਿਲੀ ਰਿਸੋਰਸ ਸੈਂਟਰ ਤੇ ਆਉ:**
**ਸੋਮਵਾਰ ਤੋਂ ਵੀਰਵਾਰ, 1.00 – 4.30 pm ਵਜੇ ਸ਼ਾਮ ਸੁਇਟ 150-2250 ਬਾਊਂਡਰੀ ਰੋਡ, ਬਰਨਬੀ, ਬ੍ਰਿਟਿਸ਼ ਕੋਲੰਬੀਆ**

ਐਕਟ-ਔਟਿਜ਼ਮ ਕਮਿਊਨਿਟੀ ਟਰੇਨਿੰਗ, ਬੀ. ਸੀ. ਦੇ ਬਾਲ ਤੇ ਪਰਿਵਾਰ ਵਿਕਾਸ ਮੰਤਰਾਲੇ ਦੀ ਮਾਲੀ ਮਦਦ ਨਾਲ ਚਲਦੀ ਮੁਨਾਫਾ ਰਹਿਤ ਸੋਸਾਇਟੀ ਹੈ, ਜੋ ਸੂਬੇ ਭਰ ਵਿਚ ਔਟਿਜ਼ਮ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਜਾਣਕਾਰੀ ਅਤੇ ਸਹਿਯੋਗ ਦਿੰਦੀ ਹੈ। ਮਾਪਿਆਂ ਅਤੇ ਪੇਸ਼ਾਵਰ ਲੋਕਾਂ ਨੂੰ ਸਿਖਲਾਈ ਦੇਣ ਅਤੇ ਬਾਲਗਾਂ ਨਾਲ ਸਬੰਧਤ ਸੋਮਿਆਂ ਦਾ ਵਿਕਾਸ ਕਰਨ ਲਈ ਐਕਟ ਸਪੌਂਸਰਾਂ ਉੱਤੇ ਨਿਰਭਰ ਕਰਦੀ ਹੈ।

ਕੌਮਾਂਤਰੀ ਪੱਧਰ 'ਤੇ ਸਭ ਤੋਂ ਵਧੀਆ ਅਮਲਾਂ ਅਨੁਸਾਰ, ਚੰਗੀ ਜਾਣਕਾਰੀ ਅਤੇ ਸਿਖਲਾਈ ਦੇਣਾ ਐਕਟ ਦਾ ਮਿਸ਼ਨ ਹੈ। ਸਾਡਾ ਇਹ ਟੀਚਾ ਹੈ ਕਿ ਮਾਪਿਆਂ, ਪੇਸ਼ਾਵਰ ਲੋਕਾਂ ਅਤੇ ਡਾਕਟਰੀ ਨਾਲ ਸਬੰਧਤ ਪੇਸ਼ਾਵਰ ਲੋਕਾਂ ਨੂੰ ਇੰਨੇ ਕਾਬਲ ਬਣਾ ਦਿੱਤਾ ਜਾਵੇ ਕਿ ਉਨ੍ਹਾਂ ਦੇ ਸਹਿਯੋਗ ਨਾਲ, ਔਟਿਜ਼ਮ ਸਪੈਕਟਰਮ ਡਿਸਆਰਡਰ ਵਾਲੇ ਬੱਚੇ ਅਤੇ ਬਾਲਗ ਆਪਣੇ ਪਰਿਵਾਰਾਂ ਅਤੇ ਭਾਈਚਾਰਿਆਂ ਵਿਚ ਤਸੱਲੀ ਬਖ਼ਸ਼ ਜ਼ਿੰਦਗੀ ਬਿਤਾ ਸਕਣ।


**ਐਕਟ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਸੰਖੇਪ ਜਾਣਕਾਰੀ ਲਈ ਪੰਨਾ 12 'ਤੇ ਜਾਵੋ।**


### ਧੰਨਵਾਦ


ਉਨ੍ਹਾਂ ਪਰਿਵਾਰਾਂ ਦਾ ਖਾਸ ਤੌਰ 'ਤੇ ਧੰਨਵਾਦ, ਜਿਨ੍ਹਾਂ ਨੇ ਐਕਟ ਦੇ ਸੂਚਨਾ ਅਤੇ ਜਾਗ੍ਰਿਤੀ ਸਬੰਧੀ ਕੰਮ ਲਈ ਢੁੱਕਵੀਆਂ ਤਸਵੀਰਾਂ ਦਿੱਤੀਆਂ ਹਨ।

## ਕਦਮ 1: ਔਟਿਜ਼ਮ ਦੀ ਫੰਡਿੰਗ ਲਈ ਸਮਝੌਤਾ ਕਰਨਾ

ਔਟਿਜ਼ਮ ਦੀ ਫੰਡਿਗ ਲਈ ਬੱਚੇ ਦੇ ਮਾਪਿਆਂ ਵਿਚੋ ਕੋਈ ਇਕ ਜਾਂ ਬੱਚੇ ਦਾ ਕੋਈ ਵਾਲੀ-ਵਾਰਸ (ਗਾਰਡੀਅਨ), ਬ੍ਰਿਟਿਸ਼ ਕੋਲੰਬੀਆ ਦੇ ਬਾਲ ਅਤੇ ਪਰਿਵਾਰ ਵਿਕਾਸ ਮੰਤਰਾਲੇ ਦੇ, ਬੱਚਿਆਂ ਅਤੇ ਨੌਜੁਆਨਾਂ ਦੀਆਂ ਖਾਸ ਲੋੜਾਂ ਸਬੰਧੀ ਸਥਾਨਕ ਦਫਤਰ ਨਾਲ ਲਾਜ਼ਮੀ ਤੌਰ 'ਤੇ ਸੰਪਰਕ ਕਰਨ।

- ਬੱਚਿਆਂ ਅਤੇ ਨੌਜੁਆਨਾਂ ਦੀਆਂ ਖਾਸ ਲੋੜਾਂ ਸਬੰਧੀ (MCFD) ਸਥਾਨਕ ਦਫਤਰ ਲੱਭਣ ਲਈ ਐਕਟ ਨਾਲ ਸੰਪਰਕ ਕਰੋ ਜਾਂ ਦੇਖੋ www.mcf.gov.bc.ca/spec_needs/contacts.htm.
- ਜਦੋਂ ਤੁਸੀਂ ਸਥਾਨਕ (MCFD) ਨੂੰ ਫੋਨ ਕਰੋ ਤਾ ਇਹ ਦੱਸੋ ਕਿ ਤੁਹਾਡੇ ਬੱਚੇ ਦੀ ਹੁਣੇ-ਹੁਣੇ ਔਟਿਜ਼ਮ ਸਬੰਧੀ ਪਛਾਣ ਹੋਈ ਹੈ ਅਤੇ ਤੁਸੀ CYSN ਇਨਟੇਕ ਵਰਕਰ ਨਾਲ ਔਟਿਜ਼ਮ ਫੰਡਿੰਗ ਲਈ ਅਰਜ਼ੀ ਦੇਣ ਵਾਸਤੇ ਗੱਲ ਕਰਨਾ ਚਾਹੁੰਦੇ ਹੋ।
- MCFD ਦੇ ਦਫਤਰ ਨੂੰ ਕਿਹੜੇ ਕਾਗਜ਼ਾਤ ਲੈ ਕੇ ਜਾਣੇ ਹਨ, ਜਾਨਣ ਲਈ ਫਾਇਦੇਮੰਦ ਸੁਝਾਅ-ID (Quick Tips – ID) ਦੇਖੋ।
- ਜਲਦੀ ਕਰੋ! ਜਿਸ ਮਹੀਨੇ ਤੁਹਾਡੇ ਦਸਤਖ਼ਤ ਵਾਲੀ ਅਰਜ਼ੀ, ਜ਼ਰੂਰੀ ਕਾਗਜ਼ਾਤ ਦੇ ਨਾਲ, MCFD ਦੇ ਦਫਤਰ ਪਹੁੰਚੇਗੀ, ਉਸੇ ਮਹੀਨੇ ਤੁਹਾਡੇ ਬੱਚੇ ਲਈ ਪੈਸੇ ਇਕੱਠੇ ਹੋਣੇ ਸ਼ੁਰੂ ਹੋ ਜਾਣਗੇ।
- ਅਰਜ਼ੀ ਦੇਣ ਤੋਂ ਤਿੰਨ ਕੁ ਹਫਤੇ ਮਗਰੋਂ, ਡਾਕ ਵਿਚ ਆਪਣਾ ਔਟਿਜ਼ਮ ਫੰਡਿੰਗ ਸਮਝੌਤਾ ਦੇਖਣਾ ਸ਼ੁਰੂ ਕਰ ਦਿਉ। ਤੁਹਾਨੂੰ ਸਮਝੌਤੇ ਦਾ ਨਮੂਨਾ ਅਤੇ ਹੋਰ MCFD ਫਾਰਮਾਂ ਦੇ ਨਮੂਨੇ ਨਿਊ ਡਾਇਗਨੋਸਿਸ ਹੱਬ ਤੋਂ ਮਿਲਣਗੇ (ਜਾਂ ਪੰਨਾ 12 ਦੇਖੋ)।
- ਸਮਝੌਤੇ ਉੱਤੇ ਦਸਤਖ਼ਤ ਕਰ ਕੇ ਉਸ ਦੀਆਂ ਦੋ ਕਾਪੀਆਂ ਬਣਾਉ ਅਤੇ ਦੋ ਹਫਤਿਆਂ ਦੇ ਅੰਦਰ-ਅੰਦਰ ਵਿਕਟੋਰੀਆ ਵਿਖੇ ਔਟਿਜ਼ਮ ਫੰਡਿੰਗ ਬ੍ਰਾਂਚ ਨੂੰ ਭੇਜੋ।
- ਆਪਣੇ ਬੱਚੇ ਦੀ ਫੰਡਿੰਗ ਸਬੰਧੀ ਤਾਜ਼ਾ ਸਥਿਤੀ ਜਾਨਣ ਲਈ AFB ਨਾਲ਼ ਸੰਪਰਕ ਕਰੋ।

### ਔਟਿਜ਼ਮ ਦੀ ਫੰਡਿੰਗ ਕੰਮ ਕਿਵੇਂ ਕਰਦੀ ਹੈ

ਹਰ ਬੱਚੇ ਦਾ ਔਟਿਜ਼ਮ ਫੰਡਿੰਗ ਬ੍ਰਾਂਚ ਵਿਚ ਖਾਤਾ ਹੁੰਦਾ ਹੈ।

- ਪੈਸਾ ਸਿੱਧਾ ਮਾਪਿਆਂ ਕੋਲ ਨਹੀਂ ਜਾਂਦਾ। ਸੇਵਾ ਪ੍ਰਦਾਨ ਕਰਤਾ, ਮਾਪਿਆਂ ਦੀ ਲਿਖਤੀ ਆਗਿਆ ਨਾਲ ਹੀ, ਬਿਲ ਦੇ ਕੇ ਪੈਸਾ ਕਢਾ ਸਕਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸੇਵਾ ਪ੍ਰਦਾਨ ਕਰਤਾ ਤੋਂ ਅਫਬ ਨੂੰ ਭੇਜੇ ਹਰ ਬਿੱਲ ਦੀ ਕਾਪੀ ਲੈ ਲੈਣ।



- ਫੰਡਿੰਗ ਦਾ ਸਮਾਂ, ਬੱਚੇ ਦੀ ਜਨਮ ਤਾਰੀਖ਼ ਤੋਂ ਸ਼ੁਰੂ ਹੋ ਜਾਂਦਾ ਹੈ।
- ਸਾਰੀਆਂ ਸੇਵਾਵਾਂ ਦਾ ਭੁਗਤਾਨ ਉਸ ਫੰਡਿੰਗ ਸਮੇਂ ਦੌਰਾਨ ਹੀ ਕੀਤਾ ਜਾਵੇਗਾ, ਜਿਸ ਵਿਚ ਉਹ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹੋਣਗੀਆਂ। ਸਮੇਂ ਤੋਂ ਪਹਿਲਾਂ ਇਨ੍ਹਾਂ ਦਾ ਭੁਗਤਾਨ ਨਹੀਂ ਕੀਤਾ ਜਾ ਸਕਦਾ।
- ਬਾਕੀ ਦੇ ਪੈਸੇ ਅਗਲੇ ਸਾਲ ਨਹੀ ਖਰਚੇ ਜਾ ਸਕਦੇ।
- MCFD ਦੇ ਨਿਯਮਾਂ ਵਿਚ ਸਪੱਸ਼ਟ ਕੀਤਾ ਹੋਇਆ ਹੈ ਕਿ ਕਿਹੜੇ ਵਾਜਬ ਖਰਚੇ ਵਸੂਲੇ ਜਾ ਸਕਦੇ ਹਨ। ਵੇਰਵੇ ਲਈ www.mcf.gov.bc.ca/autism/publications.htm 'ਤੇ ਜਾ ਕੇ ਮਾਪਿਆਂ ਲਈ ਹੈਂਡਬੁਕ-ਤੁਹਾਡੀ ਔਟਿਜ਼ਮ ਸਬੰਧੀ ਗਾਈਡ (*A Parent's Handbook – Your Guide to Autism Funding* ਦੇਖੋ)

**MCFD ਦੇ ਸਾਰੇ ਸੋਮਿਆਂ, ਦਫ਼ਤਰਾਂ ਅਤੇ ਫਾਰਮਾਂ ਦੇ ਲਿੰਕ ਲਈ ਪੰਨਾ 12 ਦੇਖੋ**

### MCFD ਦੇ ਖਾਸ ਲੋੜਾਂ ਵਾਲੇ ਬੱਚਿਆਂ ਅਤੇ ਨੌਜੁਆਨਾਂ ਦੇ 'ਸਪੈਸ਼ਲ ਨੀਡ ਵਰਕਰ' ਨਾਲ ਸੰਪਰਕ ਕਰਨਾ

ਬੀ ਸੀ ਵਿਚ 'ਖਾਸ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੀ ਵਰਕਰ' (CYSN) ਖਾਸ ਲੋੜਾਂ ਵਾਲੇ ਬੱਚਿਆਂ ਅਤੇ ਨੌਜੁਆਨਾਂ ਦੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀ ਸੰਭਾਲ ਲਈ ਲੋੜੀਂਦੇ ਵਸੀਲਿਆਂ ਤਕ ਪਹੁੰਚਣ ਵਿਚ ਮਦਦ ਦੇਣ ਦੇ ਮਾਹਰ ਹੁੰਦੇ ਹਨ।

ਔਟਿਜ਼ਮ ਫੰਡਿੰਗ ਲੈਂਦੇ ਹਰ ਬੱਚੇ ਨੂੰ ਇਕ CYSN ਵਰਕਰ ਦਿੱਤਾ ਜਾਂਦਾ/ਜਾਂਦੀ ਹੈ। ਇਹ ਵਰਕਰ ਤੁਹਾਨੂੰ ਦੱਸ ਸਕਦੇ ਹਨ ਕਿ ਤੁਹਾਡੇ ਬੱਚੇ ਲਈ ਤੁਹਾਡੇ ਨੇੜੇ ਔਟਿਜ਼ਮ ਫੰਡਿੰਗ ਤੋਂ ਇਲਾਵਾ ਹੋਰ ਕਿਹੜੀਆਂ ਸੇਵਾਵਾਂ ਮਿਲਦੀਆਂ ਹਨ। ਖਾਸ ਲੋੜਾਂ ਵਾਲੇ ਹਰ ਬੱਚੇ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਵੇਰਵਾ, ਐਕਟ ਦੇ ਔਟਿਜ਼ਮ ਸਬੰਧੀ ਮੈਨੁਅਲ MCFD Services Available to All Children with Special Needs ਦੇ ਭਾਗ 6 ਵਿਚ ਮਿਲ ਸਕਦਾ ਹੈ।

ਖਾਸ ਲੋੜਾਂ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਅਕਸਰ ਹੀ ਮਦਦ ਲਈ ਬੇਨਤੀ ਕਰਨਾ ਔਖਾ ਲੱਗਦਾ ਹੈ। ਕਈ ਵਾਰ, ਖਾਸ ਲੋੜਾਂ ਵਾਲੇ ਬੱਚੇ ਦਾ ਪਾਲਣ-ਪੋਸ਼ਣ ਗੁੰਝਲਦਾਰ ਲੱਗਦਾ ਹੈ, ਜਿਸ ਵਿਚ CYSN ਵਰਕਰ ਮਦਦ ਕਰ ਸਕਦੇ ਹਨ।

ਤੁਹਾਡੇ CYSN ਵਰਕਰ ਨੂੰ ਪਤਾ ਹੋਵੇਗਾ ਕਿ ਤੁਹਾਡੇ ਨੇੜੇ ਕਿਹੜੇ ਪ੍ਰੋਗਰਾਮ ਸ਼ੁਰੂ ਹੋਣ ਵਾਲੇ ਹਨ। ਹਾਂ, ਜੇ ਮਾਪਿਆਂ ਨੂੰ ਪਤਾ ਹੋਵੇ ਕਿ ਕਿਸੇ ਹੋਰ ਸੇਵਾ ਦੀ ਲੋੜ ਹੈ ਤਾਂ ਉਹ, ਉਸ ਲੋੜ ਦੇ ਸਬੰਧ ਵਿਚ ਵੀ ਗਲ ਕਰ ਸਕਦੇ ਹਨ।

ਆਪਣੇ CYSN ਵਰਕਰ ਨਾਲ ਬਕਾਇਦਾ ਸੰਪਰਕ ਰੱਖੋ ਤਾਂ ਕਿ ਉਸ ਨੂੰ ਪਤਾ ਲੱਗਦਾ ਰਹੇ ਕਿ ਤੁਹਾਡਾ ਬੱਚਾ ਕਿੰਨੀ ਤਰੱਕੀ ਕਰ ਰਿਹਾ ਹੈ ਜਾਂ ਉਸ ਨੂੰ ਕਿਸ ਕਿਸਮ ਦੀ ਹੋਰ ਬਿਹਤਰ ਮਦਦ ਦਿੱਤੀ ਜਾਣੀ ਚਾਹੀਦੀ ਹੈ।

**ਹੋਰ ਪਰਿਵਾਰਾਂ ਨਾਲ ਜੁੜਨ ਅਤੇ ਭਾਈਚਾਰਕ ਗਰੁੱਪ ਬਣਾਉਣ ਸਬੰਧੀ ਜਾਣਕਾਰੀ ਲੈਣ ਲਈ ਪੰਨਾ 4 ਦੇਖੋ।**

### ਫਾਇਦੇਮੰਦ ਸੁਝਾਅ – ਆਈ. ਡੀ.

ਮੀਟਿੰਗ ਵਿਚ ਲਿਆਉ:

1. ਕਲੀਨਿਕਲ ਆਊਟਕਮ ਫਾਰਮ ਜਾਂ ਕਨਫਰਮੇਸ਼ਨ ਆਫ ਡਾਇਗਨੋਸਿਸ ਫਾਰਮ (ਪ੍ਰਾਈਵੇਟ ਡਾਇਗਨੋਸਿਸ ਦੀਆਂ ਲਿਖਤੀ ਰਿਪੋਰਟਾਂ ਵੀ ਜ਼ਰੂਰੀ ਹਨ)
2. ਬੱਚੇ ਦੀ ਉਮਰ ਦਾ ਸਬੂਤ (ਜਨਮ ਦਾ ਸਰਟੀਫਿਕੇਟ/ਪਾਸਪੋਰਟ)
3. ਬੱਚੇ ਦਾ ਬੀ. ਸੀ. ਕੇਅਰ ਕਾਰਡ
4. ਔਟਿਜ਼ਮ ਪ੍ਰੋਗਰਾਮ ਦੀ ਅਰਜ਼ੀ

## ਕਦਮ 2: ਔਟਿਜ਼ਮ ਦੇ ਇਲਾਜ ਬਾਰੇ ਸਿੱਖਣਾ

ਅਸਰਦਾਰ ਇਲਾਜ ਵਾਸਤੇ ਟੀਮ ਬਣਾਉਣ ਲਈ, ਮਾਪਿਆਂ ਨੂੰ ਔਟਿਜ਼ਮ ਬਾਰੇ ਅਤੇ ਆਪਣੇ ਬੱਚੇ ਉੱਤੇ ਉਸਦੇ ਅਸਰ ਬਾਰੇ ਸਿੱਖਣ ਦੀ ਲੋੜ ਹੈ। ਬੀ. ਸੀ. ਵਿਚ ਤਾਂ ਇਹ ਬਹੁਤ ਅਹਿਮ ਹੈ ਕਿਉਂਕਿ ਉਥੇ ਮਾਪਿਆਂ ਨੂੰ, ਔਟਿਜ਼ਮ ਫੰਡਿੰਗ ਪਾਲਿਸੀ ਅਧੀਨ ਮਿੱਥੀਆਂ ਹੋਈਆਂ ਹੱਦਾਂ ਦੇ ਅੰਦਰ ਰਹਿ ਕੇ ਇਹ ਫੈਸਲਾ ਕਰਨਾ ਪੈਂਦਾ ਹੈ ਕਿ ਕਿਸ ਸੇਵਾ ਪ੍ਰਦਾਨ ਕਰਤਾ ਨੂੰ ਰਖਣਾ ਹੈ ਅਤੇ ਕਿਸ ਥੈਰਪੀ ਨੂੰ ਪਹਿਲ ਦੇਣੀ ਹੈ।

ਬਹੁਤ ਸਾਰੇ ਮਾਪੇ ਇਹ ਅਹਿਮ ਫੈਸਲੇ ਕਰਨ ਵਿਚ ਰਹਿਨੁਮਾਈ ਚਾਹੁੰਦੇ ਹਨ। ਕਈਆਂ ਨੂੰ ਸ਼ੁਰੂ ਵਿਚ, ਇਹ ਕੰਮ ਬਹੁਤ ਹੀ ਵੱਡਾ ਲੱਗਦਾ ਹੈ। ਜੋ ਵੀ ਹੋਵੇ, ਐਕਟ ਇਹ ਸਫਰ ਸੌਖਾ ਬਣਾਉਣ ਵਾਸਤੇ ਜਾਣਕਾਰੀ ਦੇਣ ਲਈ ਵਚਨਬੱਧ ਹੈ। ਸਾਨੂੰ ਫੋਨ ਕਰੋ!

### ਐਕਟ ਦੀ ਪਹੁੰਚ – ਹਾਂ ਪੱਖੀ, ਅਮਲੀ, ਸਬੂਤ ਤੇ ਆਧਾਰਤ ਜਾਣਕਾਰੀ

ਐਕਟ ਮਾਪਿਆਂ ਨੂੰ ਇਸ ਗੱਲ ਲਈ ਹੌਸਲਾ ਦਿੰਦੀ ਹੈ ਕਿ ਉਹ ਖੋਜ ਉੱਤੇ ਆਧਾਰਤ ਪਹੁੰਚਾਂ ਨੂੰ ਬਹੁਤ ਧਿਆਨ ਨਾਲ ਦੇਖਣ ਕਿਉਂ ਕਿ ਉਮੀਦ ਹੈ ਕਿ ਇਹ ਤੇਜ਼ੀ ਨਾਲ ਸੁਧਾਰ ਕਰਨਗੀਆਂ। ਓਦਾਂ ਕਿਸੇ ਵੀ ਇਲਾਜ ਦਾ ਸਾਰੇ ਬੱਚਿਆਂ ਉੱਤੇ ਇਕੋ ਜਿਹਾ ਅਸਰ ਨਹੀ ਹੁੰਦਾ ਕਿਉ ਕਿ ਔਟਿਜ਼ਮ ਦੇ ਕਾਰਨ ਬਹੁਤ ਗੁੰਝਲਦਾਰ ਹਨ ਅਤੇ ਹਰ ਬੱਚੇ ਉੱਤੇ ਇਸ ਦਾ ਅਸਰ ਵੀ ਵੱਖਰਾ-ਵੱਖਰਾ ਹੁੰਦਾ ਹੈ।



ਉਨ੍ਹਾਂ ਲੋਕਾਂ ਵੱਲੋਂ ਸੁਚੇਤ ਰਹੋ, ਜਿਹੜੇ ASD ਵਾਲੇ ਬੱਚਿਆਂ ਦਾ ਵਧੀਆ ਇਲਾਜ ਕਰਨ ਦੇ ਦਾਅਵੇ ਕਰਦੇ ਹਨ, ਇਲਾਜ ਸਬੰਧੀ ਚੀਜ਼ਾਂ ਅਤੇ ਸੇਵਾਵਾਂ ਦਾ ਪ੍ਰਚਾਰ ਕਰਦੇ ਹਨ ਅਤੇ ਆਪਣੇ ਦਾਅਵਿਆਂ ਲਈ ਵਿਅਕਤੀਗਤ ਪ੍ਰਮਾਣ ਪੱਤਰ ਦਰਸਾਉਂਦੇ ਹਨ। ਬਹੁਤ ਸਾਰੇ ਜਾਅਲੀ ਇਲਾਜਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਇਸ ਸਬੰਧ ਵਿਚ ਆਮ ਢੰਗਾਂ ਤੋਂ ਲੈ ਕੇ, ਕਈ ਬਹੁਤ ਹੀ ਵਧੀਆ ਸਹਾਇਤਾ ਪ੍ਰੋਗਰਾਮ ਹਨ। ਔਟਿਜ਼ਮ ਵਾਲੇ ਬਹੁਤੇ ਬੱਚਿਆਂ ਉੱਤੇ, ਹੇਠਾਂ ਲਿੱਖੀਆਂ ਵਿਧੀਆਂ ਅਨੁਸਾਰ, ਇਕ ਸੰਤੁਲਤ ਪ੍ਰੋਗਰਾਮ ਅਪਣਾਉਣ ਨਾਲ ਚੰਗਾ ਅਸਰ ਪੈਂਦਾ ਹੈ:

- ਗੱਲ ਬਾਤ ਦਾ ਢੰਗ ਅਤੇ ਸਮਾਜਕ ਤੌਰ 'ਤੇ ਘੁਲਣਾ-ਮਿਲਣਾ ਵਧਾਉਣਾ।
- ਆਦਤਾਂ ਵਿਚ ਤਬਦੀਲੀ ਨਾਲ ਸਾਹਮਣਾ ਕਰਨ ਦੀ, ਬੱਚੇ ਦੀ ਯੋਗ-ਸ਼ਕਤੀ ਵਧਾਉਣਾ।
- ਮਾਪਿਆਂ ਨੂੰ ਸਿਖਲਾਈ ਦੇ ਕੇ ਇਸ ਕੰਮ ਵਿਚ ਸ਼ਾਮਲ ਕਰਨਾ ਕਿਉਂ ਕਿ ਮਾਪੇ ਆਪਣੇ ਬੱਚੇ ਨੂੰ ਚੰਗੀ ਤਰ੍ਹਾਂ ਜਾਣਦੇ ਹੁੰਦੇ ਹਨ ਅਤੇ ਉਹ ਸਾਰਾ ਦਿਨ ਆਪਣੇ ਬੱਚੇ ਨੂੰ, ਨਵੇਂ ਹੁਨਰਾਂ ਦਾ ਅਭਿਆਸ ਕਰਨ ਵਿਚ ਵਾਰ-ਵਾਰ ਮਦਦ ਦੇ ਸਕਦੇ ਹਨ।(ਪੇਸ਼ਾਵਰ ਮਾਹਰ ਤਾਂ ਆਉਂਦੇ-ਜਾਂਦੇ ਰਹਿੰਦੇ ਹਨ, ਪਰ ਮਾਪਿਆਂ ਦਾ ਸਾਥ ਹੀ ਲਗਾਤਾਰ ਹੁੰਦਾ ਹੈ।)

### ਔਟਿਜ਼ਮ ਜਾਣਕਾਰੀ ਡਾਟਾਬੇਸ

ਔਟਿਜ਼ਮ ਇਨਫਰਮੇਸ਼ਨ ਡਾਟਾਬੇਸ (AID), ਉੱਤੇ ਸਾਡੇ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਨਾਲ ਐਕਟ, ਮਾਪਿਆਂ ਨੂੰ ਗੱਲ ਬਾਤ ਅਤੇ ਸਮਾਜਕ ਅਦਾਨ-ਪ੍ਰਦਾਨ ਰਾਹੀਂ, ਆਪਣੇ ਬੱਚਿਆਂ ਅਤੇ ਪਰਿਵਾਰ ਦੀ ਜ਼ਿੰਦਗੀ ਸੁਧਾਰਨ ਅਤੇ ਚਿੰਤਾ ਖਤਮ ਕਰਨ ਦੇ ਸਾਧਨ ਦੱਸਦੀ ਹੈ। ਇਸ ਨੂੰ "Google for Autism" ਦੇ ਤੌਰ 'ਤੇ ਸੋਚੋ, ਪਰ ਉਸ ਤੋਂ ਵੀ ਵੱਧ ਭਰੋਸੇਯੋਗ ਮੰਨੋ। ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਪਰਿਵਾਰ ਦਾ ਪੈਸਾ ਕਿਸੇ ਨਵੇਂ ਇਲਾਜ ਵਿਚ ਲਾਵੋ, ਇਸ ਦੇ ਸੁਰੱਖਿਅਤ ਤੇ ਚੰਗੀ ਖੋਜ ਉੱਤੇ ਆਧਾਰਤ ਹੋਣ ਸਬੰਧੀ ਜਾਣਕਾਰੀ AID ਉੱਤੇ ਪੜ੍ਹੋ। www.actcommunity.ca/aid. ਉੱਤੇ ਜਾਉ ਜਾਂ ਐਕਟ ਨਾਲ ਸੰਪਰਕ ਕਰੋ।

Search act's Autism Information Database

Enter keywords

### ਆਪਣੇ ਭਾਈਚਾਰੇ ਨਾਲ ਜੁੜ

ਜਦੋਂ ਇਕ ਵਾਰ ਤੁਸੀ ਇਸ ਗਾਈਡ ਵਿਚਲੀ ਸਾਰੀ ਜਾਣਕਾਰੀ ਸਮਝ ਲਉ ਤਾਂ ਤੁਸੀਂ ਆਪਣੇ ਨੇੜੇ ਦੇ, ਔਟਿਜ਼ਮ ਵਾਲੇ ਹੋਰ ਲੋਕਾਂ ਬਾਰੇ ਜਾਨਣਾ ਚਾਹ ਸਕਦੇ ਹੋ। ਤੁਹਾਡੇ ਆਪਣੇ ਭਾਈਚਾਰੇ ਵਿਚ ਹੋਰ ਮਾਪਿਆਂ ਜਾਂ ਉਨ੍ਹਾਂ ਦੇ ਬੱਚਿਆਂ ਤੋਂ ਸਿੱਖਣ ਲਈ ਹੋਰ ਬਹੁਤ ਕੁੱਝ ਹੈ।

AID ਵਿਚ ਕਮਿਉਨਿਟੀ ਵਸੀਲਿਆਂ (Community Resources) ਤੋਂ ਜਾਣਕਾਰੀ ਲਉ। ਕਮਿਉਨਿਟੀ ਗਰੁੱਪਾਂ ਨਾਲ ਜੁੜੋ ਅਤੇ ਆਪਣੇ ਨੇੜੇ, ਮਦਦ ਵਾਲਾ ਗਰੁੱਪ ਲੱਭਣ ਲਈ ਆਪਣਾ ਪੋਸਟਲ ਕੋਡ ਪਾਓ ਜਾਂ ਐਕਟ ਨਾਲ ਸੰਪਰਕ ਕਰੋ। AID ਉੱਤੇ ਚੈਕ ਕਰੋ: **www.actcommunity.ca/aid**

ਆਪਣਾ ਗਰੁੱਪ ਸ਼ੁਰੂ ਕਰਨ ਦੇ ਤਰੀਕੇ ਜਾਣਣ ਲਈ ਐਕਟ ਦੇ ਔਟਿਜ਼ਮ ਸਬੰਧੀ ਗਾਈਡ, ACT's Guide to Building a Community Group ਦਾ 11ਵਾਂ ਭਾਗ ਦੇਖੋ।
ਦੇਖੋ: www.actcommunity.ca/autism-manual

### ਆਪਣੀ ਫੰਡਿੰਗ ਨੂੰ ਇੱਕਠੇ ਵਰਤਣਾ

ਛੋਟੇ ਭਾਈਚਾਰਿਆਂ ਵਿਚ ਪੇਸ਼ਾਵਰ ਲੋਕਾਂ ਦੇ ਆਉਣ ਦੇ ਸਫਰ ਖਰਚੇ ਪਰਿਵਾਰਕ ਫੰਡਿੰਗ ਵਿਚੋ ਸਾਂਝੇ ਤੌਰ ਤੇ ਕਰਨ ਬਾਰੇ ਵਿਚਾਰ ਕਰੋ ਆਪਣ CYSN ਵਰਕਰ ਨੂੰ ਕਹੋ ਕਿ ਉਹ ਇਸ ਵਿਚ ਦਿਲਚਸਪੀ ਰੱਖਦੇ ਹੋਰ ਪਰਿਵਾਰਾਂ ਨਾਲ ਤੁਹਾਡਾ ਸੰਪਰਕ ਕਰਾ ਦੇਣ।

### ਭਾਈਚਾਰੇ ਦੇ ਵਸੀਲੇ ਵਿਕਸਤ ਕਰਨਾ

ਜੇ ਤੁਹਾਡੇ ਭਾਈਚਾਰੇ ਜਾਂ ਸਕੂਲ ਡਿਸਟ੍ਰਿਕਟ ਵਿਚ ਸਾਧਨ ਘੱਟ ਹਨ ਤਾਂ ਤੁਸੀਂ ਆਪਣੇ ਮੈਂਬਰ ਆਫ ਲੈਜਿਸਲੇਟਿਵ ਅਸੈਂਬਲੀ ਜਾਂ ਸਕੂਲ ਡਿਸਟ੍ਰਿਕਟ ਟਰੱਸਟੀ ਨੂੰ ਮਿਲ ਕੇ ਉਸ ਨਾਲ ਆਪਣੀਆਂ ਦੁੱਖ-ਤਕਲੀਫਾਂ ਸਾਂਝੀਆਂ ਕਰੋ। ਐਕਟ ਕੋਲ ਬਹੁਤ ਸਾਰੇ ਵਸੀਲੇ ਹਨ, ਜਿਨ੍ਹਾਂ ਨਾਲ ਉਹ ਤੁਹਾਡੇ ਭਾਈਚਾਰੇ ਵਿਚ ਖਾਸ ਲੋੜਾਂ ਵਾਲੇ ਸਾਰੇ ਬੱਚਿਆਂ ਦੀ ਹਾਲਤ ਸੁਧਾਰਨ ਵਿਚ ਮਦਦ ਕਰ ਸਕਦੀ ਹੈ।

AID ਉੱਤੇ ਜਾ ਕੇ "Advocacy" ਬਾਰੇ ਜਾਣਕਾਰੀ ਲਓ

AID

## ਔਟਿਜ਼ਮ ਦੇ ਇਲਾਜ ਦੇ ਸਭ ਤੋਂ ਵਧੀਆ ਢੰਗ

ਔਟਿਜ਼ਮ ਦੇ ਇਲਾਜ ਦੀਆਂ ਬਹੁਤ ਸਾਰੀਆਂ ਪਹੁੰਚਾਂ ਹੇਠ ਲਿਖੇ 'ਵਧੀਆ ਢੰਗਾਂ' ਦਾ ਹਿੱਸਾ ਹਨ ਕਿਉਂ ਕਿ ਇਹ ਬਹੁਤ ਡੂੰਘੀ ਖੋਜ ਉੱਤੇ ਆਧਾਰਤ ਹਨ:

- ਸਾਰੇ ਸਾਲ ਦੌਰਾਨ ਪ੍ਰੀਸਕੂਲ ਪ੍ਰੋਗਰਾਮਾਂ ਵਿਚ, ਘਰ ਵਿਚ ਆਹਮੋ-ਸਾਹਮਣੇ ਬੈਠ ਕੇ ਗੱਲ ਬਾਤ ਕਰਨਾ ਅਤੇ ਕਈ ਭਾਈਚਾਰਕ ਇਕੱਠਾਂ ਵਿਚ ਸ਼ਾਮਲ ਹੋਣਾ ।
- ਉੱਚ ਪੱਧਰ ਦਾ ਅੰਦਾਜ਼ਾ ਅਤੇ ਰੁਟੀਨ
- ਬਹੁਤ ਹੀ ਸਹਾਇਕ, ਵਿਸ਼ੇਸ਼ ਤੌਰ 'ਤੇ ਬਣਾਏ ਹੋਏ ਸਿਖਾਉਣ ਦੇ ਢੰਗ, ਜੋ applied behavior analysis (ABA) ਦੇ ਅਸੂਲਾਂ ਉੱਤੇ ਆਧਾਰਤ ਹਨ ਤੇ ਜਿਨ੍ਹਾਂ ਵਿਚ ਬੱਚੇ ਨੂੰ ਨਵੇਂ ਹੁਨਰ ਸਿੱਖਣ, ਉਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲਣ ਅਤੇ ਬਣਾਈ ਰੱਖਣ ਵਿਚ ਮਦਦ ਦੇਣ ਵਾਲੀਆਂ ਨੀਤੀਆਂ ਸ਼ਾਮਲ ਹਨ।
- ਵਰਤਾਉ ਸਬੰਧੀ ਮਸਲਿਆਂ ਦੇ ਹੱਲ ਲਈ ਕੰਮ ਦਾ ਜਾਇਜ਼ਾ ਅਤੇ ਹਾਂ ਪੱਖੀ ਸਹਾਇਤਾ ਤਕਨੀਕਾਂ ਦੀ ਵਰਤੋਂ।
- ਇਲਾਜ ਕਰਤਾ, ਜਿਨ੍ਹਾਂ ਵਿਚ ਵਰਤਾਉ ਸਬੰਧੀ ਸਲਾਹਕਾਰ, ਬੋਲ-ਚਾਲ ਅਤੇ ਭਾਸ਼ਾ ਸੁਧਾਰਕ, ਕੰਮ-ਕਾਜ ਸਬੰਧੀ ਇਲਾਜ ਕਰਨ ਵਾਲੇ ਅਤੇ ਜਿਸਮਾਨੀ ਇਲਾਜ ਕਰਨ ਵਾਲੇ ਸ਼ਾਮਲ ਹਨ, ਇਹਨਾਂ ਸਾਰਿਆਂ ਵਿੱਚ ਸਹਿਯੋਗ ਵਧਾਉਣਾ।
- ਪ੍ਰੀਸਕੂਲ ਜਾਂ ਡੇਅਕੇਅਰ ਵਿਚ ਖਾਸ ਕਿਸਮ ਦੇ ਬੱਚਿਆਂ ਨਾਲ ਗੱਲ ਬਾਤ ਕਰਾਉਣਾ।
- ਪਰਿਵਾਰ ਨੂੰ ਆਪਣੇ ਬੱਚੇ ਦੀ ਤਰੱਕੀ ਵਿਚ ਸ਼ਾਮਲ ਕਰਨ ਲਈ, ਇਲਾਜ ਸਬੰਧੀ ਨੀਤੀਆਂ ਦੇ ਵਿਕਾਸ, ਲਾਗੂ ਕਰਨ ਦੇ ਸਾਧਨਾਂ ਤੇ ਜਾਇਜ਼ਾ ਲੈਣ ਦੇ ਢੰਗਾਂ ਵਿਚ ਸ਼ਾਮਲ ਕਰਨਾ।
- ਸਿਖਲਾਈ ਪ੍ਰਾਪਤ ਅਤੇ ਯੋਗ ਨਿਗਰਾਨੀਸ਼ੁਦਾ ਸਟਾਫ।
- ਮਾਪਿਆਂ ਅਤੇ ਪੇਸ਼ਾਵਰ ਲੋਕਾਂ ਵੱਲੋਂ ਬੱਚੇ ਦੀ ਤਰੱਕੀ ਦੀ ਬਕਾਇਦਾ ਲਗਾਤਾਰ ਨਿਗਰਾਨੀ ਅਤੇ ਸਮੇਂ-ਸਮੇਂ ਪ੍ਰੋਗਰਾਮ ਦਾ ਜਾਇਜ਼ਾ ਅਤੇ ਮੁਲਾਂਕਣ ਕਰਨਾ।




## ਇਲਾਜ ਦੀ ਵਰਤਾਉ ਸਬੰਧੀ ਯੋਜਨਾ

'ਬੀਹੇਵੀਅਰ ਪਲੈਨ ਆਫ ਇੰਟਰਵੈਨਸ਼ਨ' (BPI) ਯੋਜਨਾ ਬੱਚੇ ਦੇ ਉਨ੍ਹਾਂ ਮਸਲਿਆਂ ਵੱਲ ਵਿਅਕਤੀਗਤ ਤੌਰ 'ਤੇ ਕੇਂਦਰਿਤ ਹੁੰਦੀ ਹੈ, ਜਿਨ੍ਹਾਂ ਦੇ ਸਬੰਧ ਵਿਚ ਉਸ ਨੂੰ ਮਦਦ ਦੀ ਲੋੜ ਹੁੰਦੀ ਹੈ। ਇਹ ਯੋਜਨਾ, ਵਰਤਾਉ ਨਾਲ ਸਬੰਧਤ ਇਕ ਸਲਾਹਕਾਰ ਵੱਲੋਂ, ਬੱਚੇ ਦੇ ਮਾਪਿਆਂ ਨਾਲ ਰਲ ਕੇ ਲਿਖੀ ਹੁੰਦੀ ਹੈ ਤੇ ਇਸ ਵਿਚ ਬੱਚੇ ਦੇ ਇਲਾਜ ਨਾਲ ਸਬੰਧਤ ਟੀਮ ਦੇ ਮੈਂਬਰ ਪੇਸ਼ਾਵਰਾਂ (ਜਿਵੇਂ ਬੋਲ-ਚਾਲ ਅਤੇ ਭਾਸ਼ਾ ਸਬੰਧੀ, ਧੰਦੇ ਸਬੰਧੀ ਅਤੇ ਜਿਸਮਾਨੀ ਇਲਾਜ ਕਰਤਾ) ਦਾ ਯੋਗਦਾਨ ਵੀ ਹੁੰਦਾ ਹੈ।

ਮੁਢਲੀ ਯੋਜਨਾ ਵਿਚ "ਬੱਚਾ ਹੁਣ ਕਿਸ ਹਾਲਤ ਵਿਚ ਹੈ" ਵਰਗੀ ਬੁਨਿਆਦੀ ਰੇਖਾ ਵੀ ਬਣਾਈ ਜਾਂਦੀ ਹੈ ਤੇ ਟੀਚੇ ਵੀ ਮਿੱਥੇ ਜਾਂਦੇ ਹਨ। ਇਲਾਜ ਸਬੰਧੀ ਡਾਟਾ ਇਕੱਠਾ ਕੀਤਾ ਜਾਣਾ ਚਾਹੀਦਾ ਹੈ ਅਤੇ ਨਿਯਮਤ ਮੁਲਾਂਕਣਾਂ ਰਾਹੀਂ ਤਰੱਕੀ ਮਿਣੀ ਜਾਣੀ ਚਾਹੀਦੀ ਹੈ।

ਇਸ ਪੰਨੇ ਵਿਚਲੀ ਜਾਣਕਾਰੀ www.mcf.gov.bc.ca/autism/bestpractices.htm ਤੋਂ ਲਈ ਗਈ ਹੈ।

### ਫਾਇਦੇਮੰਦ ਸੁਝਾਅ

ਔਟਿਜ਼ਮ ਵਾਲੇ ਬੱਚੇ ਖਾਣ-ਪੀਣ, ਸੌਣ, ਟਾਇਲਟ ਜਾਣ ਅਤੇ ਖੇਡਣ ਦਾ ਨਿੱਤਨੇਮ ਬਣਾ ਲੈਂਦੇ ਹਨ ਤਾਂ ਕਿ ਪਰਿਵਾਰਕ ਜੀਵਨ ਠੀਕ-ਠਾਕ ਚਲਦਾ ਰਹੇ ਤੇ ਸ਼ੁਗਲ ਵੀ ਹੁੰਦਾ ਰਹੇ। ਜੇ ਤੁਹਾਡੇ ਬੱਚੇ ਨੂੰ ਇਨ੍ਹਾਂ ਵਿਚੋਂ ਕੋਈ ਵੀ ਕੰਮ ਕਰਦਿਆਂ ਮੁਸ਼ਕਲ ਆਉਂਦੀ ਹੈ ਤਾਂ ਤੁਸੀਂ ਇਹ ਮੁਸ਼ਕਲ ਦੂਰ ਕਰਨ ਲਈ ਮਦਦ ਮੰਗੋ। ਇਹ ਮਸਲੇ ਹੱਲ ਕਰਨੇ ਸੰਭਵ ਹਨ ਅਤੇ ਇਹ ਮੁਸ਼ਕਲਾਂ, ਇਸ ਕਰ ਕੇ ਹੀ ਸਹਿਣ ਨਾ ਕਰੋ ਕਿਉਂ ਕਿ ਤੁਹਾਡੇ ਬੱਚੇ ਨੂੰ ਔਟਿਜ਼ਮ ਹੈ।

### Autism Videos @ ACT (AVA) (ਔਟਿਜ਼ਮ ਵਿਡੀਓਜ਼ ਐਟ ਐਕਟ-ਏਵੀਏ)

ਪਰਿਵਾਰਾਂ ਅਤੇ ਹਸਪਤਾਲੀ ਸਟਾਫ ਵੱਲੋਂ ਔਟਿਜ਼ਮ ਦੇ ਇਲਾਜ ਦੇ ਵੱਖ-ਵੱਖ ਪਹਿਲੂਆਂ ਅਤੇ ਮਾਪਿਆਂ ਦੀ ਭੂਮਿਕਾ ਸਮਝਣ ਵਿਚ ਮਦਦ ਦੇਣ ਦੇ ਮਕਸਦ) ਨਾਲ ਬਣਾਇਆ ਗਿਆ Autism Videos @ ACT (AVA) ਇਕ ਮੁਫਤ ਆਨਲਾਈਨ ਵਸੀਲਾ ਹੈ। ਡਾ. ਕੈਰੇਨ ਬੌਪ ਦੀ ਪੇਸ਼ਕਾਰੀ: *Best Practices in Early Intervention: Helping Families Build the "Team."* ਇਸ ਸਬੰਧ ਵਿਚ ਸ਼ੁਰੂਆਤ ਕਰਨ ਲਈ ਚੰਗੀ ਹੈ।

AVA ਉਨ੍ਹਾਂ ਤਜੁਰਬਾਕਾਰ ਇਲਾਜ ਮਾਹਰਾਂ ਦੀਆਂ ਬਹੁਤ ਹੀ ਲਾਹੇਵੰਦ ਵਿਡੀਓਜ਼ ਮੁਹੱਈਆ ਕਰਦੀ ਹੈ, ਜਿਨ੍ਹਾਂ ਨੇ ਹੇਠ ਲਿਖਤ ਰੁਕਾਵਟਾਂ ਸਮੇਤ ਹਰ ਰੋਜ਼ ਸਾਹਮਣੇ ਆਉਣ ਵਾਲੀਆਂ ਹੋਰ ਰੁਕਾਵਟਾਂ ਉੱਤੇ ਹਾਂ ਪੱਖੀ ਵਰਤਾਉ ਦੀ ਸਹਾਇਤਾ ਨਾਲ ਜਿੱਤ ਹਾਸਲ ਕੀਤੀ ਸੀ: ਬਾਰੇ ਜਾਣਕਾਰੀ

- ਟਾਇਲਟ ਸਬੰਧੀ ਸਿਖਲਾਈ ਨਾਲ ਨਜਿਠਣਾ
- ਨੀਂਦ ਸਬੰਧੀ ਮਸਲੇ ਹੱਲ ਕਰਨੇ
- ਵਿਰੋਧੀ ਸੁਭਾਅ ਸੁਧਾਰਨਾ
- ਜੁਆਨ ਹੋਣ ਸਬੰਧੀ ਚੁਣੌਤੀਆਂ ਦਾ ਟਾਕਰਾ
- ਭਾਈਚਾਰਕ ਮਨਪ੍ਰਚਾਵੇ ਵਿਚ ਹਿੱਸਾ ਲੈਣਾ

www.actcommunity.ca/videos

**"Positive Behavior Support" ਬਾਰੇ ਜਾਣਕਾਰੀ AID ਤੋਂ ਲਓ।**

AID

## ਕਦਮ 3: ਤੁਹਾਡੇ ਪਰਿਵਾਰ ਨਾਲ ਕੰਮ ਕਰਨ ਵਾਲੇ ਪੇਸ਼ਾਵਰ ਲੱਭਣੇ

### ਔਟਿਜ਼ਮ ਸਬੰਧੀ ਸੇਵਾਵਾਂ ਦੇਣ ਵਾਲਿਆਂ ਦੀ ਰਜਿਸਟਰੀ

ਔਟਿਜ਼ਮ ਸਬੰਧੀ ਸੇਵਾਵਾਂ ਦੇਣ ਵਾਲਿਆਂ ਦੀ ਰਜਿਸਟਰੀ (RASP) ਇਹ ਯਕੀਨੀ ਬਣਾਉਣ ਲਈ ਤਿਆਰ ਕੀਤੀ ਹੋਈ ਹੈ ਕਿ ਛੇ ਸਾਲ ਤੋਂ ਘੱਟ ਉਮਰ ਦੇ, ਔਟਿਜ਼ਮ ਵਾਲੇ ਬੱਚਿਆਂ ਦੇ ਮਾਪੇ, ਮੁਢਲੇ ਇਲਾਜ ਲਈ ਲੋੜੀਂਦੇ, ਬੁਨਿਆਦੀ ਸਿੱਖਿਆ ਅਤੇ ਤਜਰਬੇ ਨਾਲ ਸੇਵਾ ਪ੍ਰਦਾਨ ਕਰਤਾ ਤਕ ਪਹੁੰਚ ਸਕਣ। RASP ਵਿਚ ਦਰਜ ਕੀਤੇ ਹੋਏ ਪੇਸ਼ਾਵਰਾਂ ਦੀਆਂ ਸੇਵਾਵਾਂ ਦਾ ਭੁਗਤਾਨ ਵੀ ਮਾਪੇ ਔਟਿਜ਼ਮ ਫੰਡਿੰਗ ਰਾਹੀਂ ਕਰ ਸਕਣਗੇ।

ਜਿਹੜੇ ਬੱਚਿਆਂ ਦੀ ਉਮਰ ਛੇ ਸਾਲ ਜਾਂ ਇਸ ਤੋਂ ਵੱਧ ਹੈ, ਉਨ੍ਹਾਂ ਦੇ ਮਾਪਿਆਂ ਨੂੰ RASP ਵਿਚੋਂ ਪੇਸ਼ਾਵਰ ਲੋਕਾਂ ਦੀ ਚੋਣ ਨਹੀ ਕਰਨੀ ਪੈਂਦੀ। ਫਿਰ ਵੀ ਵਡੀ ਉਮਰ ਦੇ ਅਤੇ ਕਈ ਖ਼ਾਸ ਲੋੜਾਂ ਵਾਲੇ ਬੱਚਿਆਂ ਦੇ ਮਾਪਿਆਂ ਲਈ ਪੇਸ਼ਾਵਰ ਮਦਦ ਲੈਣ ਬਾਰੇ ਫੈਸਲੇ ਕਰਨ ਵਿਚ ਇਹ ਜਾਣਕਾਰੀ ਬਹੁਤ ਲਾਹੇਵੰਦ ਹੈ।

ਐਕਟ ਬਾਲ ਅਤੇ ਪਰਿਵਾਰ ਵਿਕਾਸ ਮੰਤਰਾਲੇ (MCFD) ਵੱਲੋਂ ਨਿਰਧਾਰਤ ਨੀਤੀਆਂ ਦੀ ਪਾਲਣਾ ਕਰਦਿਆਂ ਹੀ ਔਟਿਜ਼ਮ ਸਬੰਧੀ ਸੇਵਾਵਾਂ ਦੇਣ ਵਾਲਿਆਂ ਦੀ ਰਜਿਸਟਰੀ (RASP) ਦਾ ਪ੍ਰਬੰਧ ਚਲਾਉਂਦੀ ਹੈ।

**RASP ਸੂਚੀ ਤਕ ਪਹੁੰਚ ਕਰਨਾ**
ਐਕਟ ਵੱਲੋਂ ਹਰ ਹਫਤੇ ਸਾਡੀ ਵੈੱਬਸਾਈਟ ਉੱਤੇ ਔਟਿਜ਼ਮ ਸਬੰਧੀ ਸੇਵਾਵਾਂ ਦੇਣ ਵਾਲਿਆਂ ਦੀ ਰਜਿਸਟਰੀ (RASP) ਅੱਪਡੇਟ ਕੀਤੀ ਜਾਂਦੀ ਹੈ। ਇਸ RASP ਸੂਚੀ ਤੋਂ ਇਲਾਕੇ ਅਤੇ ਪੇਸ਼ੇ ਨਾਲ ਸਬੰਧਤ ਲੋਕਾਂ ਬਾਰੇ ਜਾਣਕਾਰੀ ਲਈ ਜਾ ਸਕਦੀ ਹੈ। ਇਸ ਵਿਚ ਵਾਰ-ਵਾਰ ਨਵੇਂ ਵਤੀਰਾ ਸਲਾਹਕਾਰਾਂ, ਬੋਲ-ਚਾਲ ਅਤੇ ਭਾਸ਼ਾ ਸਬੰਧੀ ਇਲਾਜ ਕਰਨ ਵਾਲਿਆਂ, ਕਿੱਤੇ ਸਬੰਧੀ ਥੈਰਪਿਸਟਾਂ ਅਤੇ ਜਿਸਮਾਨੀ ਇਲਾਜਕਾਰਾਂ ਦੇ ਨਾਂ ਲਿਖੇ ਜਾਂਦੇ ਹਨ। ਕਿਰਪਾ ਕਰ ਕੇ ਯਾਦ ਰਖੋ ਕਿ ਜੇ ਕੋਈ ਪੇਸ਼ਾਵਰ ਵਿਅਕਤੀ, RASP ਵੱਲੋਂ ਪ੍ਰਵਾਨ ਕੀਤੇ ਜਾਣ ਤੋਂ ਪਹਿਲਾਂ ਕਿਸੇ ਬੱਚੇ ਦੀ ਸੇਵਾ ਕਰਦਾ ਹੈ ਤਾਂ ਉਸ ਨੂੰ ਉਸ ਬਦਲ Autism Funding Branch ਵਲੋਂ ਭੁਗਤਾਨ ਨਹੀਂ ਮਿਲੇਗਾ।

ਹੋਰਨਾਂ ਦੀਆਂ ਸਲਾਹਾਂ 'ਤੇ ਭਰੋਸਾ ਨਾ ਕਰੋ, ਸਗੋਂ RASP ਸੂਚੀ ਉੱਤੇ ਨਜ਼ਰ ਮਾਰੋ। ਵਰਤਾਉ ਸਬੰਧੀ ਕਈ ਸਲਾਹਕਾਰਾਂ ਨੇ ਤਾਂ RASP ਉੱਤੇ ਆਪਣੀ ਪ੍ਰੋਫਾਈਲ ਵਿਚ ਆਪਣੇ ਬਾਰੇ ਜਾਣਕਾਰੀ ਦਿੱਤੀ ਹੁੰਦੀ ਹੈ। ਆਪਣੇ ਬੱਚੇ ਲਈ ਬਿਹਤਰ ਇਲਾਜ ਕਰਤਾ ਲੱਭਣ ਖਾਤਰ ਉਨ੍ਹਾਂ ਬਾਰੇ ਪੜ੍ਹੋ।

**ਏਜੰਸੀਆਂ**
ਐਕਟ ਪੇਸ਼ਾਵਰ ਵਿਅਕਤੀਆਂ ਦੇ ਵੇਰਵਿਆਂ ਉੱਤੇ ਵਾਰ-ਵਾਰ ਗੌਰ ਕਰਦੀ ਹੈ, ਪਰ ਕਿਸੇ ਏਜੰਸੀ ਦੇ ਸਮੁੱਚੇ ਕੰਮ ਦਾ ਮੁਲਾਂਕਣ ਨਹੀ ਕਰਦੀ। ਐਕਟ ਸਿਫ਼ਾਰਸ਼ ਕਰਦੀ ਹੈ ਕਿ ਮਾਪੇ ਕਿਸੇ ਏਜੰਸੀ ਨਾਲ ਸਬੰਧਤ ਪੇਸ਼ਾਵਰ ਲੋਕਾਂ ਦੀ ਪੜਤਾਲ ਬਹੁਤ ਧਿਆਨ ਨਾਲ ਕਰਨ ਕਿ:

- ☐ ਉਨ੍ਹਾਂ ਵਿਚੋਂ ਕਿੰਨੇ ਨਿਗਰਾਨੀ ਤੋਂ ਬਗੈਰ ਆਪਣੇ-ਆਪ ਕੰਮ ਕਰ ਸਕਦੇ ਹਨ?
- ☐ ਸਲਾਹਕਾਰਾਂ ਅਤੇ ਵਰਤਾਉ ਸੁਧਾਰਕਾਂ ਦੀ ਨਿਗਰਾਨੀ ਕਿੰਨੀ ਨੇੜਿਉਂ ਕੀਤੀ ਜਾਂਦੀ ਹੈ?
- ☐ ਏਜੰਸੀ ਕੋਲ ਚੰਗੀ ਯੋਗਤਾ ਵਾਲੇ ਕਿੰਨੇ ਪੇਸ਼ਾਵਰ ਮਾਹਰ ਹਨ?
- ☐ ਜੇ ਏਜੰਸੀ ਕੋਲ RASP ਸੂਚੀ ਵਿਚ ਦਰਜ ਕੋਈ ਮਾਹਰ ਨਹੀਂ ਹੈ ਤਾਂ ਇਹ ਦੇਖੋ ਕਿ ਉਸ ਦੇ ਸਟਾਫ ਵਿਚ, ਕਿਸੇ ਢੁੱਕਵੇਂ ਖੇਤਰ ਵਿਚ ਘੱਟ ਤੋਂ ਘੱਟ 'ਮਾਸਟਰਜ਼ ਡਿਗਰੀ' ਵਾਲੇ ਹਨ, ਜੋ ਤੁਹਾਡੇ ਬੱਚੇ ਨਾਲ ਕੰਮ ਕਰਨ ਵਾਲੇ ਵਰਕਰ ਦੀ ਨਿਗਰਾਨੀ ਕਰ ਸਕਣ।

ਉਸ ਸਥਿਤੀ ਤੋਂ ਖਬਰਦਾਰ ਰਹੋ, ਜਿੱਥੇ:

- ☐ ਵਰਤਾਉ ਸਬੰਧੀ ਸਲਾਹਕਾਰ ਤੁਹਾਡੇ ਬੱਚੇ ਦੇ ਪ੍ਰੋਗ੍ਰਾਮ ਵਿਚ ਸਰਗਰਮ ਭੂਮਿਕਾ ਨਿਭਾਉਣ ਦੀ ਥਾਂ, ਬਿੱਲਾਂ ਉੱਤੇ ਦਸਤਖ਼ਤ ਹੀ ਕਰਦੇ ਰਹਿੰਦੇ ਹਨ ਅਤੇ ਕਿਸੇ ਅਯੋਗ ਬੰਦੇ ਨੂੰ ਬਹੁਤ ਘੱਟ ਨਿਗਰਾਨੀ ਹੇਠ ਸੇਵਾਵਾਂ ਪ੍ਰਦਾਨ ਕਰਨ ਦੇਂਦੇ ਹਨ।

### ਹੱਬ ਉੱਤੇ ਸੋਮੇ

ਹੇਠਾਂ ਦਿਤੇ ਗਏ ਸਾਰੇ ਵਸੀਲੇ New Diagnosis Hub. ਉੱਤੇ ਦੇਖੇ ਜਾ ਸਕਦੇ ਹਨ। ਐਕਟ ਨਵੇਂ ਵਸੀਲੇ ਸ਼ਾਮਿਲ ਕਰਦੀ ਰਹੇਗੀ। ਨਵੇਂ ਵਸੀਲੇ ਦੇਖਣ ਲਈ ਦੇਖੋ:
www.actcommunity.ca/newdiagnosishub

- RASP ਬਾਰੇ ਜਾਣਕਾਰੀ: www.actcommunity.ca/rasp/information-for-parents/
- RASP ਦੀ ਖੋਜ: www.actcommunity.ca/rasp
- ਜੇ ਤੁਹਾਡੇ ਕੋਲ ਕੰਪਿਊਟਰ ਨਹੀ ਹੈ ਜਾਂ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਤੁਸੀ ਨਿੱਜੀ ਮਦਦ ਲਈ ਐਕਟ ਨਾਲ ਸੰਪਰਕ ਕਰੋ।

### ਫਾਇਦੇਮੰਦ ਸੁਝਾਅ – ਰਿਕਾਰਡ ਰੱਖ

MCFD, CYSN ਵਰਕਰ, ਔਟਿਜ਼ਮ ਫੰਡਿੰਗ ਯੂਨਿਟ ਅਤੇ ਸਾਰੇ ਸੇਵਾਵਾਂ ਪ੍ਰਦਾਨ ਕਰਤਾਵਾਂ ਨਾਲ ਆਪਣੇ ਸੰਪਰਕਾਂ ਉੱਤੇ ਨਜ਼ਰ ਮਾਰਦੇ ਰਹੋ। ਇਸ ਨਾਲ ਤੁਹਾਨੂੰ ਇਹ ਜਾਨਣ ਵਿਚ ਮਦਦ ਮਿਲੇਗੀ ਕਿ ਕਿਸ ਨੇ, ਕਦੋਂ ਕਿਹੜਾ ਵਾਅਦਾ ਕੀਤਾ ਸੀ। ਇਸ ਦੀ ਸ਼ੁਰੂਆਤ ਇਸ ਗੱਲ ਦੀ ਪੁਸ਼ਟੀ ਹੋਣ ਤੋਂ ਕਰੋ ਕਿ ਤੁਹਾਡੀ ਔਟਿਜ਼ਮ ਫੰਡਿੰਗ ਅਰਜ਼ੀ ਪਹੁੰਚ ਗਈ ਹੈ। ਈਮੇਲ ਜਾਂ ਫੈਕਸ ਰਾਹੀਂ ਇਸ ਗੱਲ ਦੀ ਪੁਸ਼ਟੀ ਕਰੋ ਕਿ ਕਿਸ ਸਬੰਧੀ ਆਪਸੀ ਸਹਿਮਤੀ ਹੋਈ ਹੈ।

### ਫਾਇਦੇਮੰਦ ਸੁਝਾਅ – RASP ਸਹਾਇਤਾ

ਐਕਟ ਦੇ ਸੂਚਨਾ ਅਧਿਕਾਰੀ, RASP ਤੋਂ ਪੇਸ਼ਾਵਰ ਲੋਕਾਂ ਨੂੰ ਕੰਮ ਕਰਨ ਲਈ ਚੁਣਨ ਬਾਰੇ ਸਲਾਹ ਦੇਣ ਕਈ ਹਮੇਸ਼ਾ ਤਿਆਰ ਮਿਲਦੇ ਹਨ। ਐਕਟ ਇਨ੍ਹਾਂ ਪਰਿਵਾਰਾਂ ਨੂੰ ਇਹ ਹਦਾਇਤ ਨਹੀ ਕਰੇਗੀ ਕਿ ਉਹ ਕਿਸ ਨੂੰ ਕੰਮ ਲਈ ਚੁਣਨ, ਸਗੋਂ ਅਸੀ ਤਾਂ ਹੇਠਾਂ ਲਿਖੇ ਨੁਕਤਿਆਂ ਦੇ ਆਧਾਰ 'ਤੇ ਸਹੀ ਚੋਣ ਕਰਨ ਵਿਚ ਮਦਦ ਹੀ ਕਰ ਸਕਦੇ ਹਾਂ:

- ☐ ਬੱਚੇ ਦੀ ਉਮਰ ਅਤੇ ਉਨ੍ਹਾਂ ਦੇ ਕੰਮ ਦਾ ਪੱਧਰ,
- ☐ ਪਰਿਵਾਰ ਦੀ ਰਿਹਾਇਸ਼ ਕਿੱਥੇ ਹੈ,
- ☐ ਇਲਾਜ ਦੀ ਉਸ ਵਿਧੀ ਤਕ ਪਹੁੰਚ, ਜਿਸ ਵਿਚ ਪਰਿਵਾਰ ਨੂੰ ਦਿਲਚਸਪੀ ਹੈ।

## ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ

ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇਕ ਸਾਲ ਵਿਚ 22,000 ਡਾਲਰ ਦਾ ਫੰਡ ਹੈ, ਜੋ ਉਨ੍ਹਾਂ ਦੇ ਪਰਿਵਾਰ, ਔਟਿਜ਼ਮ ਫੰਡਿੰਗ ਬ੍ਰਾਂਚ ਵੱਲੋਂ ਪ੍ਰਵਾਨਤ ਸੇਵਾਵਾਂ, ਸਿਖਲਾਈ ਅਤੇ ਚੀਜ਼ਾਂ ਦੇ ਭੁਗਤਾਨ ਲਈ ਵਰਤ ਸਕਦੇ ਹਨ। ਭਾਵੇਂ ਇਹ ਵੱਡੀ ਰਕਮ ਹੈ, ਪਰ ਜੇ ਪਰਿਵਾਰਾਂ ਵੱਲੋਂ ਇਹ ਸੋਚ-ਸਮਝ ਕੇ ਨਾ ਖ਼ਰਚੀ ਗਈ ਤਾਂ ਇਹ ਬਹੁਤ ਛੇਤੀ ਮੁੱਕ ਸਕਦੀ ਹੈ। ਪਰਿਵਾਰਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਇਹੋ ਸਮਾਂ ਹੈ, ਉਨ੍ਹਾਂ ਨੂੰ ਚੰਗੀ ਤਰ੍ਹਾਂ ਸਿੱਖ ਲੈਣ ਦਾ ਤਾਂਕਿ ਜਦੋਂ ਉਨ੍ਹਾਂ ਦੇ ਬੱਚੇ ਛੇ ਸਾਲ ਦੇ ਹੋ ਜਾਣ ਤੇ ਫੰਡਿੰਗ ਘਟ ਕੇ 6,000 ਡਾਲਰ ਸਲਾਨਾ ਹੋ ਜਾਵੇ ਤਾਂ ਉਹ ਆਪਣੇ ਬੱਚੇ ਦਾ ਪ੍ਰੋਗਰਾਮ ਚੰਗੀ ਤਰ੍ਹਾਂ ਚਲਾ ਸਕਣ।

**ਮਾਪੇ, ਬੱਚੇ ਅਤੇ ਕਰੀਬੀ ਰਿਸ਼ਤੇਦਾਰ ਸਮੁੱਚੀ ਟੀਮ ਦਾ ਹਿੱਸਾ ਹਨ**

ਔਟਿਜ਼ਮ ਵਾਲੇ ਬੱਚੇ ਗੁੰਝਲਦਾਰ ਹੁੰਦੇ ਹਨ, ਜਿਸ ਕਰ ਕੇ ਪਹਿਲਾਂ-ਪਹਿਲ ਉਨ੍ਹਾਂ ਨੂੰ ਰੁਝਾਉਣ ਦਾ ਢੰਗ ਸਮਝਣ ਖਾਤਰ ਅਕਸਰ ਹੀ ਲੋਕਾਂ ਦੀ ਇਕ ਟੀਮ ਚਾਹੀਦੀ ਹੁੰਦੀ ਹੈ। ਮਾਪਿਆਂ ਕੋਲ ਬਹੁਤ ਹੀ ਖਾਸ ਕਿਸਮ ਦੀ ਜਾਣਕਾਰੀ ਹੁੰਦੀ ਹੈ, ਪਰ ਉਨ੍ਹਾਂ ਨੂੰ ਆਪਣੇ ਹੁਨਰਾਂ ਅਤੇ ਭਰੋਸੇ ਲਈ ਹੱਲਾਸ਼ੇਰੀ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਆਪਣੇ ਬੱਚੇ ਦੀ ਮਦਦ ਕਰਨਾ ਸਿੱਖ ਸਕਣ। ਇਹ ਬਹੁਤ ਅਹਿਮ ਹੈ ਕਿਉਂ ਕਿ ਮਾਪਿਆਂ ਨੇ ਆਪਣੇ ਬੱਚਿਆਂ ਕੋਲ ਬਹੁਤਾ ਸਮਾਂ ਰਹਿਣਾ ਹੁੰਦਾ ਹੈ ਅਤੇ ਜਦੋਂ ਉਨ੍ਹਾਂ ਨੂੰ ਔਜ਼ਾਰ ਦਿੱਤੇ ਜਾਣ ਤਾਂ ਉਹ ਬਹੁਤ ਹੀ ਅਸਰਦਾਰ ਹੋ ਸਕਦੇ ਹਨ। ਬਾਕੀ ਭੈਣ-ਭਰਾ ਵੀ ਸ਼ਕਤੀਸ਼ਾਲੀ ਸਾਥੀ ਹਨ। ਉਨ੍ਹਾਂ ਨੂੰ ਵੀ ਆਪਣੇ ਸਾਰੇ ਪਰਿਵਾਰ ਵਾਂਗ ਹੀ, ਆਪਣੇ ਖਾਸ ਲੋੜਾਂ ਵਾਲੇ ਭੈਣ/ ਭਰਾ ਦੇ ਸਬੰਧ ਵਿਚ ਉਮਰ ਨਾਲ ਢੁੱਕਵੀ ਭਰਪੂਰ ਜਾਣਕਾਰੀ ਦੇਣ ਦੀ ਲੋੜ ਹੈ।

**RASP ਵਿਚ ਦਰਜ ਪੇਸ਼ਾਵਰ**

ਜੇ ਬੱਚਾ ਛੇ ਸਾਲ ਤੋਂ ਘੱਟ ਉਮਰ ਦਾ ਹੈ ਤਾਂ ਔਟਿਜ਼ਮ ਫੰਡਿੰਗ ਵਰਤਣ ਵਾਸਤੇ, ਔਟਿਜ਼ਮ ਸਬੰਧੀ ਸੇਵਾਵਾਂ ਦੇਣ ਵਾਲਿਆਂ ਦੀ ਰਜਿਸਟਰੀ (RASP) ਸੂਚੀ ਵਿਚੋ ਹੇਠ ਲਿਖੇ ਪੇਸ਼ਾਵਰ ਲਾਜ਼ਮੀ ਚੁਣੇ ਜਾਣ:

- **ਵਰਤਾਉ ਸਲਾਹਕਾਰ/ਵਿਸ਼ਲੇਸ਼ਕ** (ਬੀ ਸੀ)*: ਇਹ ਵਿਅਕਤੀ ਗਲ-ਬਾਤ, ਸਮਾਜਿਕ ਅਤੇ ਰੋਜ਼ਾਨਾ ਜੀਵਨ ਸਬੰਧੀ ਹੁਨਰਾਂ ਸਮੇਤ, ਵਿਕਾਸ ਦੇ ਸਾਰੇ ਖੇਤਰਾਂ ਵਿਚ ਹੁਨਰਾਂ ਦੀ ਵਿਸ਼ਾਲ ਲੜੀ ਵੱਲ ਨਿਸ਼ਾਨਾ ਸੇਧਣ ਲਈ ਟੀਚੇ ਅਤੇ ਸਿਖਲਾਈ ਢੰਗਾਂ ਦਾ ਵਿਕਾਸ ਕਰਨ ਅਤੇ ਜਾਇਜ਼ਾ ਲੈਣ ਦੇ ਮਾਹਰ ਹੁੰਦੇ ਹਨ। ਇਹ ਲੋਕ, ਜਿਨ੍ਹਾਂ ਨੂੰ 'ਬੀ ਸੀਜ਼' ਵੀ ਕਿਹਾ ਜਾਂਦਾ ਹੈ ਕੰਮਕਾਰੀ ਵਰਤਾਉ ਦਾ ਜਾਇਜ਼ਾ ਵੀ ਲੈਂਦੇ ਹਨ ਅਤੇ ਮਾੜੇ ਵਰਤਾਉ ਨੂੰ ਦੂਰ ਕਰਨ ਲਈ ਪ੍ਰੋਗਰਾਮ ਬਣਾਉਂਦੇ ਹਨ। ਬਹੁਤੇ ਮਾਮਲਿਆਂ ਵਿਚ 'ਬੀ ਸੀ' ਇਲਾਜ ਸਬੰਧੀ ਵੇਰਵੇ ਸਹਿਤ ਯੋਜਨਾ (BPI) ਬਣਾਉਂਦੇ ਹਨ, 'ਬੀ ਆਈਜ਼' (Behavior Interventionist) ਨੂੰ ਯੋਜਨਾ ਲਾਗੂ ਕਰਨ ਬਾਰੇ ਸਿਖਲਾਈ ਦਿੰਦੇ ਤੇ ਨਿਗਰਾਨੀ ਕਰਦੇ ਹਨ ਅਤੇ ਪਰਿਵਾਰ ਦੇ ਜੀਆਂ ਅਤੇ ਇਲਾਜ ਟੀਮ ਦੇ ਹੋਰ ਮੈਂਬਰਾਂ ਨਾਲ ਰਲ ਕੇ ਕੰਮ ਕਰਦੇ ਹਨ।
- **ਬੋਲਚਾਲ-ਭਾਸ਼ਾ ਸੁਧਾਰਕ** (ਐੱਸ-ਐੱਲ ਪੀ): ਇਹ ਵਿਅਕਤੀ ਬੱਚੇ ਦੀਆਂ ਬੋਲਚਾਲ, ਭਾਸ਼ਾ ਅਤੇ ਸਮਾਜਕ ਗੱਲਬਾਤ ਸਬੰਧੀ ਮੁਸ਼ਕਲਾਂ ਦਾ ਜਾਇਜ਼ਾ ਲੈਣ ਅਤੇ ਉਨ੍ਹਾਂ ਦਾ ਹੱਲ ਕਰਨ ਦੇ ਮਾਹਰ ਹੁੰਦੇ ਹਨ। ਉਹ ਕਿਸੇ ਬੱਚੇ ਲਈ ਸਿੱਧੇ ਤੌਰ ਤੇ ਵੀ ਕੰਮ ਕਰ ਸਕਦੇ ਹਨ ਜਾਂ ਗੱਲਬਾਤ ਸਬੰਧੀ ਖਾਸ ਨੁਕਸ ਬਾਰੇ ਕਿਸੇ ਵੀ ਸਮਾਜਕ ਨੁਕਸ ਦੇ ਸਬੰਧ ਵਿਚ ਕੰਮ ਕਰ ਰਹੀ ਟੀਮ ਨੂੰ ਸੁਝਾਅ ਵੀ ਦੇ ਸਕਦੇ ਹਨ ।
- **ਜਿਸਮਾਨੀ ਇਲਾਜ ਕਰਤਾ** (Physical Therapist) (ਪੀ ਟੀ): ਇਹ ਮਾਹਰ, ਹਿੱਲ-ਜੁੱਲ ਕਰਨ ਵਿਚ ਪੈਂਦੀਆਂ ਰੁਕਾਵਟਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਹਟਾਉਣ ਦੇ ਮਕਸਦ ਨਾਲ ਜਾਇਜ਼ਾ ਲੈ ਕੇ ਇਲਾਜ ਕਰਦੇ ਹਨ। ਇਹ ਆਪ ਵੀ ਇਲਾਜ ਕਰ ਸਕਦੇ ਹਨ ਜਾਂ ਟੀਮ ਨੂੰ ਸਲਾਹ ਵੀ ਦੇ ਸਕਦੇ ਹਨ।

*ਵਰਤਾਉ ਸਲਾਹਕਾਰ/ ਵਿਸ਼ਲੇਸ਼ਕ ਕਈ ਕੋਰਸ ਕਰਨ ਅਤੇ ਕਾਫ਼ੀ ਸਮਾਂ ਨਿਗਰਾਨੀਸ਼ੁਦਾ ਪ੍ਰੈਕਟਿਸ ਕਰਨ ਮਗਰੋਂ ਅਮਰੀਕਾ ਵਿਚ ਬੀਹੇਵੀਅਰ ਐਨਾਲਿਸਟ ਸਰਟੀਫਿਕੇਸ਼ਨ ਬੋਰਡ ਵੱਲੋਂ ਪ੍ਰਮਾਣਤ ਹੁੰਦੇ ਹਨ। 2015 ਤਕ RASP ਦੇ 60 ਕੁ ਫੀਸਦੀ ਵਰਤਾਉ ਸਲਾਹਕਾਰਾਂ ਕੋਲ ਇਹ ਬਹੁਤ ਮਹੱਤਵਪੂਰਣ ਪ੍ਰਮਾਣਤਾ ਹੈ।

**ਵਰਤਾਉ ਸਬੰਧੀ ਇਲਾਜ ਕਰਤਾ (Behavior interventionist) (ਬੀ ਆਈ)**

ਬੀ ਆਈਜ਼' ਔਟਿਜ਼ਮ ਸਬੰਧੀ ਸੇਵਾਵਾਂ ਦੇਣ ਵਾਲਿਆਂ ਦੀ ਰਜਿਸਟਰੀ (RASP) ਵਿਚ ਦਰਜ ਨਹੀ ਹੁੰਦੇ, ਪਰ ਉਹ ਆਪਣੇ ਵੱਲੋ ਦਿੱਤੀ ਸੇਵਾ ਦਾ ਬਿੱਲ ਔਟਿਜ਼ਮ ਫੰਡਿੰਗ ਬ੍ਰਾਂਚ ਨੂੰ ਦੇ ਸਕਦੇ ਹਨ। 'ਬੀ ਆਈਜ਼' ਤੁਹਾਡੀ ਟੀਮ ਵਿਚ ਸ਼ਾਮਲ ਪੇਸ਼ਾਵਰ ਮਾਹਰਾਂ ਵੱਲੋ ਬਣਾਈ ਹੋਈ, ਵਰਤਾਉ ਸਬੰਧੀ ਇਲਾਜ ਦੀ ਯੋਜਨਾ (Behavior Plan of Intervention – BPI) ਵਿਚ ਦਰਸਾਏ ਹੋਏ ਨਿਸ਼ਾਨਿਆਂ ਦੇ ਸਬੰਧ ਵਿਚ ਤੁਹਾਡੇ ਬੱਚੇ ਦੇ ਸਾਹਮਣੇ ਬੈਠ ਕੇ ਉਸ ਲਈ ਕੰਮ ਕਰਦੇ ਹਨ। ਉਹ ਘਰ, ਸਕੂਲ ਜਾਂ ਅਬਾਦੀ ਵਿਚ ਵੀ ਕੰਮ ਕਰ ਸਕਦੇ ਹਨ। ਵਰਤਾਉ ਸਲਾਹਕਾਰਾਂ ਵੱਲੋਂ 'ਬੀ ਆਈਜ਼' ਦੀ ਨਿਗਰਾਨੀ ਕੀਤੇ ਜਾਣ ਦੀ ਬਹੁਤ ਅਹਿਮੀਅਤ ਹੈ। ਨਿਗਰਾਨੀ ਤੋਂ ਬਗ਼ੈਰ 'ਬੀ ਆਈਜ਼' ਮੁਸ਼ਕਲ ਹਾਲਾਤ ਨਾਲ ਸਿੱਝਣ ਦੇ ਕਾਬਿਲ ਨਹੀਂ ਹੁੰਦੇ ਅਤੇ ਉਹ ਵਤੀਰੇ ਸਬੰਧੀ ਇਲਾਜ ਦੀ ਕਿਸੇ ਯੋਜਨਾ (BPI) ਦਾ ਅਸਰ ਵਧਾਉਣ ਜੋਗੇ ਨਹੀਂ ਹੁੰਦੇ।

RASP ਵਿਚ ਦਰਜ ਸਾਰੇ ਪੇਸ਼ਾਵਰ ਲੋਕਾਂ ਦੀ ਭੂਮਿਕਾ ਦੇ ਹੋਰ ਵੇਰਵਿਆਂ ਲਈ www.mcf.gov.bc.ca/autism/handbook.htm ਉੱਤੇ ਜਾ ਕੇ ਮਾਪਿਆਂ ਲਈ ਹੈਂਡਬੁਕ-ਤੁਹਾਡੀ ਔਟਿਜ਼ਮ ਸਬੰਧੀ ਗਾਈਡ (A Parent's Handbook: Your Guide to Autism Programs) ਦੇਖੋ।

### ਔਟਿਜ਼ਮ ਫੰਡਿੰਗ ਦੇ ਸਹੀ ਖਰਚੇ

ਪਰਿਵਾਰਾਂ ਵੱਲੋਂ ਔਟਿਜ਼ਮ ਦੇ ਸਬੰਧ ਵਿਚ ਕਿੰਨਾ ਖਰਚ ਕੀਤਾ ਜਾ ਸਕਦਾ ਹੈ, ਬਾਰੇ ਔਟਿਜ਼ਮ ਫੰਡਿੰਗ ਬ੍ਰਾਂਚ ਦੇ ਸਖਤ ਨਿਯਮ ਹਨ। ਮਿਸਾਲ ਦੇ ਤੌਰ 'ਤੇ ਸੂਬੇ ਤੋਂ ਬਾਹਰੋ ਮੰਗਵਾਏ ਗਏ ਵਿਟਾਮਿਨਜ਼, ਖਾਸ ਖੁਰਾਕ ਅਤੇ ਸੇਵਾਵਾਂ ਦੇ ਨਾਲ-ਨਾਲ ਘਰ ਦੀ ਸਾਜ-ਸਜਾਵਟ ਦੇ ਖਰਚੇ ਪ੍ਰਵਾਨ ਨਹੀ ਕੀਤੇ ਜਾਂਦੇ।

ਪ੍ਰੋਗਰਾਮ ਲਈ ਸਾਈਨ ਕਰਨ ਤੋਂ ਪਹਿਲਾਂ ਜਾਂ ਔਟਿਜ਼ਮ ਫੰਡਿੰਗ ਵਿਚੋਂ ਖਰਚਾ ਮਿਲ ਜਾਣ ਦੀ ਆਸ ਵਿਚ ਪਰਿਵਾਰ ਵੱਲੋਂ ਆਪਣੇ ਕੋਲੋਂ ਖਰਚਾ ਕਰਨ ਤੋਂ ਪਹਿਲਾਂ, ਉਹ ਦਸਤਾਵੇਜ਼ ਪੜ ਲੈਣੇ ਚਾਹੀਦੇ ਹਨ, ਜੋ ਤੁਹਾਨੂੰ www.mcf.gov.bc.ca/autism/publications.htm ਤੋਂ ਮਿਲ ਸਕਦੇ ਹਨ।

ਗਲਤ ਫਹਿਮੀਆਂ ਹੋ ਸਕਦੀਆਂ ਹਨ, ਇਸ ਲਈ ਐਕਟ ਇਹ ਸਲਾਹ ਦੇਂਦੀ ਹੈ ਕਿ ਜਦੋਂ ਤੁਹਾਨੂੰ ਔਟਿਜ਼ਮ ਫੰਡਿੰਗ ਬ੍ਰਾਂਚ ਵੱਲੋਂ ਹਦਾਇਤਾਂ ਮਿਲ ਜਾਣ ਤਾਂ ਉਨ੍ਹਾਂ ਨੂੰ ਸਮਝ ਕੇ, ਟਾਈਪ ਕਰ ਕੇ, ਔਟਿਜ਼ਮ ਫੰਡਿੰਗ ਬ੍ਰਾਂਚ (AFB) ਨੂੰ ਫੈਕਸ ਜਾਂ ਈਮੇਲ ਕਰ ਦਿਓ, ਇਹ ਪੁਸ਼ਟੀ ਕਰਨ ਲਈ ਕਿ ਤੁਹਾਨੂੰ ਹਦਾਇਤਾਂ ਚੰਗੀ ਤਰ੍ਹਾਂ ਸਮਝ ਆ ਗਈਆਂ ਹਨ।

### ਹੋਰ ਪੇਸ਼ਾਵਰਾਂ : ਮਨੋਵਿਗਿਆਨੀਆਂ, ਆਮ ਇਲਾਜ ਕਰਤਾ, ਬੱਚਿਆਂ ਦੇ ਡਾਕਟਰਾਂ ਅਤੇ ਮਨੋਰੋਗ ਮਾਹਰਾਂ ਦੀ ਭੂਮਿਕਾ

ਆਮ ਤੌਰ 'ਤੇ ਮਨੋਵਿਗਿਆਨੀ, ਆਮ ਇਲਾਜ ਕਰਤਾ, ਬੱਚਿਆਂ ਦੇ ਡਾਕਟਰ ਅਤੇ ਮਨੋਰੋਗ ਮਾਹਰ ਇਲਾਜ ਸਬੰਧੀ ਟੀਮ ਵਿਚ ਕੋਈ ਸਰਗਰਮ ਭੂਮਿਕਾ ਨਹੀ ਨਿਭਾਉਂਦੇ, ਪਰ ਉਹ ਔਟਿਜ਼ਮ ਵਾਲੇ ਬੱਚੇ ਦੀਆਂ ਜਿਸਮਾਨੀ ਤੇ ਮਾਨਸਕ ਸਿਹਤ ਸਬੰਧੀ ਲੋੜਾਂ ਪੂਰੀਆਂ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਨ੍ਹਾਂ ਸਾਰੇ ਪੇਸ਼ਾਵਰ ਲੋਕਾਂ ਦੀਆਂ ਭੂਮਿਕਾਵਾਂ ਬਾਰੇ ਹੋਰ ਵੇਰਵੇ ਸਹਿਤ ਜਾਣਕਾਰੀ ਲਈ ਬੀ.ਸੀ ਲਈ ਐਕਟ ਦਾ ਔਟਿਜ਼ਮ ਸੰਬਧੀ ਮੈਨੁਅਲ (ACT's Autism Manual for B.C.) ਦੇਖੋ।

- ਭਾਗ 2: ਵਾਲੇ ਬੱਚੇ ਦੀ ਇਲਾਜ ਟੀਮ ਬਣਾਉਣਾ"
- ਭਾਗ 3: "ਔਟਿਜ਼ਮ ਇਲਾਜ ਵਿਚ ਡਾਕਟਰੀ ਮੁੱਦੇ"



## ਛੇ ਸਾਲ ਤੇ ਵੱਧ ਉਮਰ ਦੇ ਬੱਚਿਆਂ ਲਈ

ਬੀ. ਸੀ. ਵਿਚ ਬੱਚੇ ਵਿਚ ਔਟਿਜ਼ਮ ਦੇ ਲਛੱਣਾਂ ਦੀ ਪਛਾਣ ਔਸਤਨ ਸੱਤ ਸਾਲ ਦੀ ਉਮਰ ਵਿਚ ਹੁੰਦੀ ਹੈ। ਇਹ ਪਛਾਣ ਦੇਰ ਨਾਲ ਹੋਣ ਕਰਕੇ ਬਹੁਤੇ ਮਾਪੇ ਦੁੱਖੀ ਮਹਿਸੂਸ ਕਰਦੇ ਹਨ, ਉਨ੍ਹਾਂ ਨੂੰ ਫਿਕਰ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਬੱਚੇ ਨੂੰ ਤਰੱਕੀ ਕਰਨ ਦਾ ਮੌਕਾ ਨਹੀ ਮਿਲੇਗਾ। ਵੈਸੇ ਖੋਜ ਇਹ ਦਰਸਾਉਂਦੀ ਹੈ ਕਿ ਔਟਿਜ਼ਮ ਵਾਲੇ ਬੱਚੇ ਅਤੇ ਬਾਲਗ ਤਰੱਕੀ ਕਰਦੇ ਰਹਿੰਦੇ ਹਨ, ਖ਼ਾਸ ਤੌਰ 'ਤੇ ਜਦੋਂ ਉਨ੍ਹਾਂ ਨੂੰ ਘਰ ਅਤੇ ਸਕੂਲ ਵਿਚ ਚੰਗੀ ਹੱਲਾ-ਸ਼ੇਰੀ ਮਿਲਦੀ ਹੋਵੇ। ਜਿਨ੍ਹਾਂ ਮਾਪਿਆਂ ਦੇ ਬੱਚਿਆਂ ਦਾ ਮੁਆਇਨਾ ਅੱਲ੍ਹੜ ਉਮਰੇ ਹੋਇਆ ਸੀ, ਉਹ ਦੱਸਦੇ ਹਨ ਕਿ ਉਨ੍ਹਾਂ ਦੇ ਬੱਚੇ ਹਰ ਸਾਲ ਕਾਫੀ ਤਰੱਕੀ ਕਰਕੇ ਬਾਲਗ ਅਵੱਸਥਾ ਵਿਚ ਠੀਕ-ਠਾਕ ਪਹੁੰਚ ਗਏ ਹਨ।

ਸਕੂਲ ਜਾਣ ਦੀ ਉਮਰ ਵਾਲੇ ਬੱਚਿਆਂ ਲਈ ਔਟਿਜ਼ਮ ਫੰਡਿੰਗ ਵਾਲੇ ਚਾਹੁੰਦੇ ਹਨ ਕਿ ਬੱਚਿਆਂ ਨੂੰ ਸਕੂਲੋਂ ਬਾਹਰ ਵੀ ਹਰ ਤਰ੍ਹਾਂ ਦੀਆਂ ਸੇਵਾਵਾਂ ਤੇ ਵਸੀਲੇ ਦਿੱਤੇ ਜਾਣ।

ਛੇ ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਔਟਿਜ਼ਮ ਸਬੰਧੀ ਸੇਵਾਵਾਂ ਦੇਣ ਵਾਲਿਆਂ ਦੀ ਰਜਿਸਟਰੀ (RASP) ਵਿਚੋ ਕਿਸੇ ਪੇਸ਼ਾਵਰ ਨੂੰ ਰੱਖਣਾ ਜਰੂਰੀ ਤਾਂ ਨਹੀਂ ਪਰ ਇਹ ਇਕ ਬਹੁਤ ਹੀ ਵਧੀਆ ਸ਼ੁਰੂਆਤੀ ਪੜਾਅ ਹੈ।

ਵੱਡੇ ਬੱਚਿਆਂ ਅਤੇ ਛੋਟੇ ਬੱਚਿਆਂ ਨਾਲ ਕੰਮ ਕਰਨ ਲਈ ਲੋੜੀਂਦੇ ਹੁਨਰਾਂ ਤੋਂ ਇਲਾਵਾ ਵੱਖਰੇ ਹੁਨਰਾਂ ਦੀ ਲੋੜ ਹੁੰਦੀ ਹੈ, ਪਰ ਇਹ ਜ਼ਰੂਰੀ ਹੈ ਕਿ ਜਿਹੜਾ ਵੀ ਪੇਸ਼ਾਵਰ ਤੁਹਾਨੂੰ ਮਦਦ ਦੇ ਰਿਹਾ ਹੋਵੇ, ਉਸ ਦੀ ਨਿਗਰਾਨੀ ਕਰਨ ਵਾਲੇ ਨੇ ਮਨੋਵਿਗਿਆਨ ਜਾਂ ਵਿਸ਼ੇਸ਼ ਸਿੱਖਿਆ ਵਰਗੇ ਹੀ ਕਿਸੇ ਸਬੰਧਤ ਖੇਤਰ ਵਿਚ ਘੱਟ ਤੋਂ ਘੱਟ ਮਾਸਟਰ ਡਿਗਰੀ ਹਾਸਲ ਕੀਤੀ ਹੋਈ ਹੋਵੇ।

### ਮਾਨਸਕ ਸਿਹਤ ਸਬੰਧੀ ਮੁੱਦੇ – ਚਿੰਤਾ ਤੇ ਉਦਾਸੀ

AID

ਜਿਨ੍ਹਾਂ ਬੱਚਿਆਂ ਦੀ ਪਛਾਣ ਦੇਰ ਨਾਲ ਹੋਈ ਹੋਵੇ, ਉਹ ਅਕਸਰ ਗੁੰਝਲਦਾਰ ਹੋ ਸਕਦੇ ਹਨ ਤੇ ਇਸ ਕਰਕੇ ਹੀ ਉਨ੍ਹਾਂ ਦੀ ਪਛਾਣ ਪਹਿਲਾਂ ਨਹੀ ਹੋਈ ਹੁੰਦੀ। ਉਨ੍ਹਾਂ ਦੀ ਮਾਨਸਿਕ ਸਿਹਤ ਖਾਸ ਕਰਕੇ ਚਿੰਤਾ ਅਤੇ ਉਦਾਸੀ ਉੱਤੇ ਬਹੁਤਾ ਧਿਆਨ ਦੇਣ ਦੀ ਲੋੜ ਹੁੰਦੀ ਹੈ। ਐਕਟ ਕੋਲ ਬਹੁਤ ਸਾਰੇ ਵਸੀਲੇ ਹਨ, ਜੋ ਅਸੀ ਖੁਸ਼ੀ ਨਾਲ ਸਾਂਝੇ ਕਰਨਾ ਚਾਹੁੰਦੇ ਹਾਂ। ਐਕਟ ਨੂੰ ਕਾਲ ਕਰੋ ਜਾਂ AID ਤੋਂ ਜਾਣਕਾਰੀ ਲਓ (AVA – Autism Videos @ ACT) 'ਤੇ ਸਬੰਧਤ ਵਿਡੀਓ ਵੀ ਮੌਜੂਦ ਹਨ।

### ਸਿੱਧੀ ਫੰਡਿੰਗ ਦੀ ਚੋਣ

ਜੇ ਤੁਹਾਡਾ ਬੱਚਾ 12 ਸਾਲਾਂ ਦਾ ਜਾਂ ਵੱਡਾ ਹੈ ਤਾਂ ਬਾਲ ਤੇ ਪਰਿਵਾਰ ਵਿਕਾਸ ਮੰਤਰਾਲਾ (MCFD) ਸਿੱਧੇ ਭੁਗਤਾਨ ਫੰਡ ਦੀ ਖੁੱਲ੍ਹ ਦੇ ਦਿੰਦਾ ਹੈ ਬਸ਼ਰਤੇ ਪਰਿਵਾਰ ਘੱਟ ਤੋਂ ਘੱਟ ਪੂਰੇ ਦੋ ਸਾਲ ਬਿੱਲਾਂ ਦੇ ਭੁਗਤਾਨ ਦਾ ਪ੍ਰਬੰਧ ਸਫਲਤਾ ਨਾਲ ਕਰ ਚੁੱਕਾ ਹੋਵੇ। ਬੱਚੇ ਲਈ ਫੰਡ ਦਿੱਤੇ ਜਾਣ ਦੇ ਸ਼ੁਰੂ ਤੋਂ ਹੀ ਮਾਪੇ ਜਾਂ ਵਾਲੀ-ਵਾਰਸ ਨੂੰ ਫੰਡ ਸਿੱਧਾ ਹੀ ਦੇ ਦਿੱਤਾ ਜਾਵੇਗਾ। ਸਿੱਧਾ ਫੰਡ ਦਿੱਤੇ ਜਾਣ ਸਬੰਧੀ ਸ਼ਰਤਾਂ ਬਾਰੇ ਹੋਰ ਜਾਣਕਾਰੀ "The Hub" ਉੱਤੇ ਜਾਉ।

The HUB



## ਸਕੂਲੀ ਉਮਰ ਦੇ ਬੱਚਿਆਂ ਨੂੰ ਔਟਿਜ਼ਮ

ਬਹੁਤੀ ਵਾਰੀ ਛੇ ਸਾਲ ਅਤੇ ਵੱਧ ਉਮਰ ਦੇ ਬੱਚਿਆਂ ਨੂੰ ਬੀ. ਸੀ. ਦੇ ਪਬਲਿਕ ਸਕੂਲ ਸਿਸਟਮ ਰਾਹੀ ਮਦਦ ਅਤੇ ਸੇਵਾਵਾਂ ਮਿਲਦੀਆਂ ਹਨ। ਪਰ ਵਿਸ਼ੇਸ਼ ਲੋੜਾਂ ਵਾਲੇ ਉਨ੍ਹਾਂ ਬੱਚਿਆਂ ਦੀ ਗਿਣਤੀ ਵਧ ਰਹੀ ਹੈ, ਜਿਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਜਾਂ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾਇਆ ਜਾ ਰਿਹਾ ਹੈ।

ਜੇ ਤੁਸੀ ਪਬਲਿਕ ਸਕੂਲ ਸਿਸਟਮ ਵਿਚ ਵਸੀਲਿਆਂ ਅਤੇ ਮਦਦ ਬਾਰੇ ਜਾਂ ਬਦਲਵੇ ਢੰਗਾਂ ਬਾਰੇ ਕੁੱਝ ਪੁੱਛਣਾ ਚਾਹੁੰਦੇ ਹੋ ਤਾਂ ਐਕਟ ਦੇ *Autism Manual* ਦੇ ਇਹ ਭਾਗ ਦੇਖੋ:

Autism Manual for B.C.

- ☐ ਭਾਗ 7: "ਬੀ ਸੀ ਐਜੂਕੇਸ਼ਨ ਸਿਸਟਮ – ASD ਵਾਲੇ ਵਿਦਿਆਰਥੀਆਂ ਦੇ ਮਾਪਿਆਂ ਲਈ ਜਾਣ-ਪਛਾਣ"
- ☐ ਭਾਗ 8: "ਬੀ. ਸੀ. ਦੇ ਸਕੂਲ ਸਿਸਟਮ ਨੂੰ ਰਾਹ ਦਿਖਾਉਣ ਵਿਚ ਮਾਪਿਆਂ ਦਾ ਸਿਫਾਰਿਸ਼ੀ ਰੋਲ"

ਸਕੂਲ ਅਤੇ/ਜਾਂ ਮਾਨਸਕ ਸਿਹਤ ਸਬੰਧੀ ਮੁੱਦੇ ਨਜਿੱਠਣ ਬਾਰੇ ਤਿੰਨ ਬਹੁਤ ਹੀ ਵਧੀਆ ਪੇਸ਼ਕਾਰੀਆਂ ਲਈ Autism Videos@ACT (AVA) ਦੇਖੋ:

- ☐ ਸਿੱਖਿਆ, ਏਕੀਕਰਨ, ਸ਼ਮੂਲੀਅਤ: ਖਾਸ ਲੋੜਾਂ ਵਾਲੇ ਬੱਚਿਆਂ ਦੇ ਮਾਪਿਆਂ ਲਈ ਅਸਲੀ ਜਾਣਕਾਰੀ
- ☐ ਹਾਈ ਸਕੂਲ ਤੋਂ ਬਾਅਦ ਕੰਮ ਤੇ ਜਾਣ ਤਕ ਦਾ ਬਦਲਾਅ
- ☐ ਏ. ਐੱਸ. ਡੀ. ਵਾਲੇ ਵਿਅਕਤੀ ਅਤੇ ਮਾਨਸਿਕ ਸਿਹਤ

### ਲਾਭਦਾਇਕ ਸੁਝਾਅ – POPARD

ਜੇ ਤੁਹਾਡੇ ਬੱਚੇ ਦੀ ਸਕੂਲ ਟੀਮ ਤੁਹਾਡੇ ਬੱਚੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੰਘਰਸ਼ ਕਰ ਰਹੀ ਹੈ ਤਾਂ ਤੁਸੀ ਆਪਣੇ ਸਕੂਲ ਡਿਸਟ੍ਰਿਕਟ ਨੂੰ ਬੇਨਤੀ ਕਰ ਸਕਦੇ ਹੋ ਕਿ POPARD ਸਲਾਹਕਾਰ ਨਾਲ ਤੁਹਾਡੇ ਮਿਲਣ ਦਾ ਪ੍ਰਬੰਧ ਕਰਾਵੇ। ਔਟਿਜ਼ਮ ਸੰਬਧੀ ਮੁਸ਼ਕਲਾਂ ਲਈ ਸੂਬਾਈ ਆਉਟਰੀਚ ਪ੍ਰੋਗਰਾਮ The Provincial Outreach Program for Autism and Related Disorders (POPARD) ਨੂੰ ਸਿੱਖਿਆ ਮੰਤਰਾਲੇ ਵੱਲੋਂ ਇਸ ਲਈ ਫੰਡ ਦਿੱਤਾ ਜਾਂਦਾ ਹੈ ਤਾਂ ਕਿ "ਉਹ ASD ਵਾਲੇ ਵਿਦਿਆਰਥੀਆਂ ਦੀ ਮਦਦ ਲਈ, ਸਕੂਲ ਡਿਸਟ੍ਰਿਕਟ ਸਟਾਫ ਦੀ ਸਮਰੱਥਾ ਵਧਾਉਣ ਦੇ ਮਕਸਦ ਨਾਲ ਸਾਰੀ ਜਨਤਾ ਅਤੇ ਸੁਤੰਤਰ ਸਕੂਲਾਂ ਨੂੰ ਮਸ਼ਵਰੇ, ਸਿਖਲਾਈ ਅਤੇ ਸਹਾਇਕ ਸੇਵਾਵਾਂ ਦੇਵੇ

www.autismoutreach.ca/

## ਕਦਮ 4: ਸੇਵਾ ਪ੍ਰਦਾਨ ਕਰਤਾ ਨੂੰ ਰੱਖਣਾ ਤੇ ਠੇਕਾ ਦੇਣਾ

### ਕਿਸੇ ਪੇਸ਼ਾਵਰ ਨੂੰ ਕੰਮ ਤੇ ਰੱਖਣ ਤੋਂ ਪਹਿਲਾਂ ਵਿਚਾਰਨ ਵਾਲੀਆਂ ਅਹਿਮ ਗੱਲਾਂ

ਭਾਵੇਂ ਬੀ. ਸੀ. ਸਰਕਾਰ ਬੱਚੇ ਦੇ ਪ੍ਰੋਗਰਾਮ ਲਈ ਫੰਡ ਦਿੰਦੀ ਹੈ ਪਰ ਉਸ ਫੰਡ ਨੂੰ ਸਿਆਣਪ ਨਾਲ ਖਰਚਣ ਦੀ ਜ਼ਿੰਮੇਵਾਰੀ ਮਾਪੇ ਦੇ ਸਿਰ ਹੁੰਦੀ ਹੈ। ਇਸ ਤਰ੍ਹਾਂ ਮਾਪੇ, ਸੇਵਾ ਪ੍ਰਦਾਨ ਕਰਤਾ ਨਾਲ ਇਕ ਨਿੱਜੀ ਠੇਕਾ ਵੀ ਕਰਦੇ ਹਨ।

- **ਠੇਕੇ ਲਈ ਦਸਤਖਤ ਕਰਨ ਦੀ ਕਾਹਲ ਨਾ ਕਰੋ**
  ਸਮਾਂ ਲਉ! ਕੁੱਝ ਪੇਸ਼ਾਵਰ ਲੋਕਾਂ ਨੂੰ ਮਿਲੋ, ਉਨ੍ਹਾਂ ਵੱਲੋ ਪ੍ਰਦਾਨ ਕੀਤੀਆਂ ਜਾ ਸਕਣ ਵਾਲੀਆਂ ਸੇਵਾਵਾਂ ਅਤੇ ਪ੍ਰੋਗਰਾਮਾਂ ਦੇ ਸਬੰਧ ਵਿਚ ਉਨ੍ਹਾਂ ਨਾਲ ਸਿੱਧੀ ਗੱਲਬਾਤ ਕਰੋ। ਸੇਵਾਵਾਂ ਦੇਣ ਵਾਲਿਆਂ ਨਾਲ ਆਹਮੋ-ਸਾਹਮਣੇ ਮੁਲਾਕਾਤ ਕਰਨ ਨਾਲ ਤੁਹਾਨੂੰ ਇਹ ਫੈਸਲਾ ਕਰਨ ਵਿਚ ਮਦਦ ਮਿਲੇਗੀ ਕਿ ਤੁਹਾਡੇ ਬੱਚੇ ਅਤੇ ਪਰਿਵਾਰ ਲਈ ਕੌਣ ਠੀਕ ਰਹਿਣਗੇ।

- **ਕੀ ਇਲਾਜ ਦਾ ਢੰਗ ਤੁਹਾਡੇ ਪਰਿਵਾਰ ਲਈ ਫਾਇਦੇਮੰਦ ਹੋਵੇਗਾ?**
  ਜਦੋਂ ਸੇਵਾ ਪ੍ਰਦਾਨ ਕਰਤਾ ਇਹ ਕਹਿਣ ਕਿ ਉਨ੍ਹਾਂ ਦਾ ਇਲਾਜ ਸਾਰੇ ਬੱਚਿਆਂ ਲਈ ਹੀ ਫਾਇਦੇਮੰਦ ਹੈ ਤਾਂ ਖਬਰਦਾਰ ਹੋ ਜਾਓ ਤੇ ਇਨ੍ਹਾਂ ਪਹਿਲੂਆਂ ਉੱਤੇ ਵਿਚਾਰ ਕਰੋ:

  - ☐ ਕੀ ਉਹ ਤੁਹਾਡੇ ਪਰਿਵਾਰ ਦੀਆਂ ਮੁੱਖ ਲੋੜਾਂ ਬਾਰੇ ਸੁਣ ਰਹੇ ਹਨ?
  - ☐ ਉਨ੍ਹਾਂ ਦਾ ਪ੍ਰੋਗਰਾਮ ਤੁਹਾਡੇ ਬੱਚੇ ਦੇ ਇਲਾਜ ਲਈ ਕਿੰਨੇ ਘੰਟੇ ਦਾ ਸਿੱਧਾ ਸਮਾਂ ਦਿੰਦਾ ਹੈ?
  - ☐ ਖਰਚੇ/ਲਾਗਤਾਂ ਕਿੰਨੀਆਂ ਹਨ?
  - ☐ ਕੀ ਬਹੁਤ ਘੱਟ ਸਿੱਧੀ ਮਦਦ ਤੋਂ ਬਗੈਰ ਹੀ ਤੁਹਾਡੇ ਵੱਲੋਂ ਨੀਤੀਆਂ ਲਾਗੂ ਕਰਨ ਦੀ ਆਸ ਕੀਤੀ ਗਈ ਹੈ?
  - ☐ ਕੀ ਤੁਹਾਡੇ ਕੋਲ ਔਟਿਜ਼ਮ ਫੰਡਿੰਗ ਤੋਂ ਇਲਾਵਾ, ਪ੍ਰੋਗਰਾਮ ਚੱਲਦਾ ਰੱਖਣ ਲਈ ਪੈਸੇ ਹਨ?
  - ☐ ਜੇ ਤੁਸੀ ਇਕੱਲੇ ਮਾਪੇ ਹੋ ਜਾਂ ਘੱਟ ਆਮਦਨ ਵਾਲਾ ਪਰਿਵਾਰ ਹੋ ਤਾਂ ਤੁਹਾਨੂੰ ਪੂਰੀ ਮਾਲੀ ਤਸਵੀਰ ਬਹੁਤ ਗੌਰ ਨਾਲ ਵਿਚਾਰਨ ਦੀ ਲੋੜ ਹੈ।
  - ☐ ਜੇ ਤੁਹਾਡਾ ਪਰਿਵਾਰ ਦੋ ਮਾਪਿਆਂ ਵਾਲਾ ਹੈ ਤਾਂ ਕੀ ਤੁਸੀ ਦੋਵੇਂ ਕੰਮ ਕਰਦੇ ਹੋ? ਤੁਸੀ ਆਪਣੇ ਘਰ ਵਿਚ ਇਲਾਜ ਕਰਨ ਵਾਲਿਆਂ ਦੇ ਪ੍ਰਬੰਧ ਨੂੰ ਕਿੰਨਾ ਸਮਾਂ ਦੇ ਸਕਦੇ ਹੋ?
  - ☐ ਕੀ ਕੋਈ ਸੈਂਟਰ-ਅਧਾਰਤ ਪ੍ਰੋਗਰਾਮ ਹੈ, ਜੋ ਹਾਲਾਤ ਮੁਤਾਬਕ ਜ਼ਿਆਦਾ ਢੁੱਕਦਾ ਹੋਵੇ?

  ਇਹ ਸਾਰੇ ਹੀ ਉਹ ਪਹਿਲੂ ਹਨ, ਜੋ ਤੁਸੀਂ ਐਕਟ ਦੇ ਸੂਚਨਾ ਅਧਿਕਾਰੀ ਨਾਲ ਗਲਬਾਤ ਕਰ ਕੇ ਵਿਚਾਰ ਸਕਦੇ ਹੋ।

- **ਇਹ ਗੱਲ ਯਕੀਨੀ ਬਣਾਓ ਕਿ ਤੁਸੀ ਠੇਕੇ ਦੀਆਂ ਸ਼ਰਤਾਂ ਸਮਝਦੇ ਹੋਵੋ।**
  ਸਮਝੌਤੇ ਵਿਚ ਸੇਵਾਵਾਂ ਦੇਣ ਵਾਲੇ ਦੀਆਂ ਜ਼ਿੰਮੇਵਾਰੀਆਂ ਅਤੇ ਮਾਪਿਆਂ ਦੇ ਫਰਜ਼ਾਂ ਦੀ ਰੂਪ-ਰੇਖਾ ਦਰਜ ਕੀਤੀ ਹੋਣੀ ਚਾਹੀਦੀ ਹੈ। ਐਕਟ ਦਾ ਬੀ.ਸੀ ਲਈ ਔਟਿਜ਼ਮ ਸੰਬਧੀ ਮੈਨੁਅਲ (*Autism Manual for B.C.*) ਦਾ ਭਾਗ 5 "RASP ਵਾਲੇ ਪੇਸ਼ਾਵਰ ਨੂੰ ਠੇਕਾ ਦੇਣਾ" ("Contracting with Professionals on the RASP") ਦੇਖੋ। ਇਸ ਤੋਂ ਠੇਕੇ ਸਬੰਧੀ ਸਮਝੌਤਾ ਸਾਈਨ ਕਰਨ ਦੀ ਅਹਿਮੀਅਤ ਤੇ ਇਸ ਵਿਚ ਸ਼ਾਮਲ ਕੀਤੇ ਜਾਣ ਵਾਲੇ ਵੇਰਵਿਆਂ ਬਾਰੇ ਹੋਰ ਜਾਣਕਾਰੀ ਮਿਲਦੀ ਹੈ।

- **ਹਰ ਮਹੀਨੇ ਬਿੱਲ ਮੰਗੋ**
  ਬਹੁਤ ਸਾਰੇ ਪਰਿਵਾਰ ਉਸ ਵੇਲੇ ਬੋਝ ਹੇਠ ਆ ਜਾਂਦੇ ਹਨ, ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਬੱਚੇ ਦਾ ਔਟਿਜ਼ਮ ਸਬੰਧੀ ਫੰਡ ਦਾ ਖਾਤਾ, ਯੋਜਨਾ ਮੁਤਾਬਕ ਮਿੱਥੇ ਸਮੇ ਤੋਂ ਪਹਿਲਾਂ ਹੀ ਖਾਲੀ ਹੋ ਗਿਆ ਹੈ ਕਿਉ ਕਿ ਉਨ੍ਹਾਂ ਨੇ ਬੱਚੇ ਦੇ ਖਾਤੇ ਵਿਚੋਂ ਅੰਨੇਵਾਹ ਖਰਚ ਕਰਨ ਦੀ ਇਜਾਜ਼ਤ ਦਿੱਤੀ ਹੁੰਦੀ ਹੈ ਅਤੇ ਹਰ ਮਹੀਨੇ ਖਰਚੇ ਦੇ ਬਿੱਲ ਚੈਕ ਨਹੀ ਕੀਤੇ ਹੁੰਦੇ।

  - ☐ ਹਰ ਮਹੀਨੇ ਬਿੱਲ ਮੰਗੋ ਤੇ ਧਿਆਨ ਨਾਲ ਉਸ ਦਾ ਜਾਇਜ਼ਾ ਲਓ। ਇਹ ਬਿੱਲ ਤੁਹਾਨੂੰ ਅਤੇ ਔਟਿਜ਼ਮ ਫੰਡਿੰਗ ਬ੍ਰਾਂਚ ਨੂੰ ਇਕੋ ਵੇਲੇ ਭੇਜਿਆ ਜਾਂਦਾ ਹੈ।
  - ☐ ਹਰ ਮਹੀਨੇ ਕਿੰਨੀ ਰਕਮ ਕਢਾਈ ਜਾ ਸਕਦੀ ਹੈ, ਬਾਰੇ ਹੱਦਾਂ, ਸਮਝੌਤੇ ਵਿਚ ਮਿੱਥੀਆਂ ਜਾਣ।
  - ☐ ਜਿਹੜੀਆਂ ਸੇਵਾਵਾਂ ਠੇਕੇ ਵਿਚ ਮਿੱਥੀਆਂ ਹੱਦਾਂ ਤੋਂ ਉੱਪਰ ਹੋਣ, ਉਨ੍ਹਾਂ ਸਬੰਧੀ ਲਿਖਤੀ ਅਧਿਕਾਰ ਪੱਤਰ ਮੰਗੋ।
  - ☐ New Diagnosis Hub ਵਿਚ, MCFD ਬਿੱਲ ਦੇ ਨਮੂਨੇ ਸਮੇਤ ਹੋਰ ਵੇਰਵਾ ਦਰਜ ਹੈ।




### ਐਕਟ ਦੀ ਨਿਊ ਡਾਈਗਨੌਸਿਸ ਹਬ New Diagnosis Hub ਵਿਚ ਦਰਜ ਵਸੀਲੇ




ਹੇਠਾਂ ਦੱਸੇ ਸਾਰੇ ਵਸੀਲੇ ਨਿਊ ਡਾਈਗਨੌਸਿਸ ਹਬ ਵਿਚ ਦੇਖੇ ਜਾ ਸਕਦੇ ਹਨ। ਅਸੀਂ ਨਵੇਂ ਵਸੀਲੇ ਸ਼ਾਮਿਲ ਕਰਦੇ ਰਹਿੰਦੇ ਹਾਂ, ਤਾਜ਼ਾ ਜਾਣਕਾਰੀ ਲਈ ਦੇਖੋ: www.actcommunity.ca/newdiagnosishub.

- ਭਾਗ 5 "RASP ਵਾਲੇ ਪੇਸ਼ਾਵਰ ਨੂੰ ਠੇਕਾ ਦੇਣਾ" *
  - ☐ ਠੇਕੇ ਦੀ ਮਹੱਤਤਾ
  - ☐ ਟਾਈਮ ਸ਼ੀਟਸ ਅਤੇ ਬਿਲ
- "ਪੇਸ਼ਾਵਰ ਨਾਲ ਉਨ੍ਹਾਂ ਦੀ ਯੋਗਤਾ ਬਾਰੇ ਗੱਲ-ਬਾਤ ਕਰਨੀ"
- "ਸਖਤ ਵਰਤਾਓ ਦੀ ਜਾਂਚ ਬਾਰੇ ਵਰਤਾਓ ਸੰਸਥਾ ਦੀ ਸੂਚੀ
- "ਇਲਾਜ ਕਰਤਾਵਾਂ ਨੂੰ ਪੁਛਣ ਵਾਸਤੇ ਮਾਪਿਆਂ ਲਈ ਅਹਿਮ ਸਵਾਲ"

* ਬੀ. ਸੀ ਲਈ ਐਕਟ ਦੇ ਔਟਿਜ਼ਮ ਮੈਨੁਅਲ (*ACT'S Autism Manual for B. C.*) ਵਿਚੋ।




### ਚਿੰਤਾਵਾਂ ਦੂਰ ਕਰਨੀਆਂ

MCFD ਨੇ ਐਕਟ ਨੂੰ ਕਿਹਾ ਹੋਇਆ ਹੈ ਕਿ ਉਹ ਮਾਪਿਆਂ ਅਤੇ ਵਾਲੀ-ਵਾਰਸਾਂ ਵੱਲੋ ਵਰਤਾਉ ਸਲਾਹਕਾਰਾਂ, ਕੰਮ ਸਬੰਧੀ ਇਲਾਜ ਕਰਤਾਵਾਂ, ਬੋਲਚਾਲ-ਭਾਸ਼ਾ ਸੁਧਾਰਕਾਂ ਅਤੇ ਜਿਸਮਾਨੀ ਇਲਾਜ ਕਰਨ ਵਾਲਿਆਂ ਸਮੇਤ, RASP ਦੇ ਪੇਸ਼ਾਵਰ ਮਾਹਰਾਂ ਵੱਲੋ ਦਿੱਤੀਆਂ ਜਾਂਦੀਆਂ ਸੇਵਾਵਾਂ ਸਬੰਧੀ ਸ਼ਿਕਾਇਤਾਂ ਦੀ ਸੁਣਵਾਈ ਲਈ ਪਹਿਲਾ ਸੰਪਰਕ ਸਥਾਨ ਬਣੇ।

ਜਿਹੜੇ ਮਾਪਿਆਂ ਦੇ ਮਨਾਂ ਵਿਚ ਕੁੱਝ ਚਿੰਤਾਵਾਂ ਹਨ, ਉਨ੍ਹਾਂ ਵੱਲੋ ਕੀਤੀਆਂ ਜਾਣ ਵਾਲੀਆਂ ਕਾਲਾਂ ਦਾ ਐਕਟ ਵਿਚ ਸੁਆਗਤ ਹੈ। ਸਾਡਾ ਪਹਿਲਾ ਕਦਮ, ਮਸਲਾ ਹੱਲ ਕਰਨ ਲਈ ਆਪਸੀ ਗੱਲ-ਬਾਤ ਸ਼ੁਰੂ ਕਰਨ ਵਿਚ ਮਦਦ ਕਰਨਾ ਹੈ । ਲੋੜ ਪਵੇ ਤਾਂ ਅਸੀ ਪਰਿਵਾਰਾਂ ਦਾ ਔਟਿਜ਼ਮ ਫੰਡਿੰਗ ਬ੍ਰਾਂਚ ਜਾਂ ਸਬੰਧਤ ਪ੍ਰੋਫੈਸ਼ਨਲ ਕਾਲਜ ਨਾਲ ਸੰਪਰਕ ਵੀ ਕਰਾ ਸਕਦੇ ਹਾਂ। ਹੋਰ ਜਾਣਕਾਰੀ ਲਈ http://www.actcommunity.ca/rasp/information-for-families/rasp-complaint-process ਦੇਖੋ।

## ਕਦਮ 5: ਇਕ ਮਜ਼ਬੂਤ ਟੀਮ ਬਣਾਉਣੀ ਤੇ ਕਾਇਮ ਰੱਖਣੀ

ਚਿੰਤਕ ਅਤੇ ਜਾਣਕਾਰੀ ਭਰਪੂਰ ਮਾਪੇ ਆਪਣੇ ਬੱਚੇ ਦੀ ਸਮਰੱਥਾ ਤਕ ਪਹੁੰਚਨ ਦੀ ਚਾਬੀ ਹੁੰਦੇ ਹਨ। ਔਟਿਜ਼ਮ ਤੁਹਾਡੇ ਬੱਚੇ ਉੱਤੇ ਕਿਵੇਂ ਅਸਰ ਕਰਦਾ ਹੈ ਅਤੇ ਉਸ ਦੀ ਟੀਮ ਕਿਵੇਂ ਚਲਾਉਣੀ ਹੈ, ਦੀ ਜਾਣਕਾਰੀ ਹੋਣ ਨਾਲ, ਤੁਹਾਡੇ ਬੱਚੇ ਦੇ ਸਿਆਣਾ ਹੋਣ ਦੌਰਾਨ, ਅਗਵਾਈ ਕਰਨ ਸਬੰਧੀ ਤੁਹਾਡੀ ਯੋਗਤਾ ਮਜ਼ਬੂਤ ਹੋਵੇਗੀ।



ਟੀਮ ਦੀ ਮਜ਼ਬੂਤੀ ਕਾਇਮ ਰੱਖਣ ਲਈ, ਤੁਹਾਨੂੰ ਇਹ ਸਭ ਕੁੱਝ ਕਰਨ ਦੀ ਲੋੜ ਪਵੇਗੀ:

- ਸਾਰੇ ਮੈਂਬਰਾਂ ਦੀ ਇੱਜ਼ਤ ਕਰੋ ਅਤੇ ਆਪਸੀ ਗੱਲ-ਬਾਤ ਵਿਚ ਨਿਰੰਤਰਤਾ, ਸਪੱਸ਼ਟਤਾ ਅਤੇ ਹਾਂ ਪੱਖਤਾ ਰੱਖਣ ਨੂੰ ਉਤਸ਼ਾਹ ਦਿਓ।
- ਤੁਸੀ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਦਾ ਭੁਗਤਾਨ ਜਲਦੀ ਤੋਂ ਜਲਦੀ ਹੋਣ ਵਿਚ ਮਦਦ ਕਰਨ ਲਈ ਇਨਵਾਇਸ ਫਾਰਮ ਛੇਤੀ ਔਟਿਜ਼ਮ ਫੰਡਿੰਗ ਬ੍ਰਾਂਚ ਨੂੰ ਸੌਂਪੋ।
- ਜੇ ਤੁਹਾਡੇ ਬੱਚੇ ਲਈ ਕੰਮ ਕਰਨ ਵਾਲਾ ਕੋਈ ਵਿਅਕਤੀ, ਕਰਮਚਾਰੀ ਸਮਝਿਆ ਜਾਂਦਾ ਹੈ ਤਾਂ B.C. Employment Standards ਬੀ. ਸੀ. ਇੰਪਲਾਇਮੈਂਟ ਸਟੈਂਡਰਡਜ਼ ਦੀ ਪਾਲਣਾ ਕਰੋ। ਹੋਰ ਜਾਣਕਾਰੀ ਲਈ "ਡਾਇਗਨੋਸਿਸ ਹੱਬ ਤੇ ਐਕਟ ਦੇ ਵਸੀਲੇ" "Resources on ACT's New Diagnosis Hub" ਦਾ (ਪੰਨਾ 9) ਦੇਖੋ।

ਇਕ ਵਾਰ ਜਦੋ ਤੁਹਾਡੀ ਇਲਾਜ ਟੀਮ ਚੁਣ ਲਈ ਜਾਂਦੀ ਹੈ ਤਾਂ ਇਹ ਬਹੁਤ ਅਹਿਮ ਹੁੰਦਾ ਹੈ ਕਿ ਤੁਹਾਨੂੰ ਮਾਪੇ ਵਜੋਂ ਅਤੇ ਆਪਣੀ ਟੀਮ ਦੇ ਆਗੂ ਹੋਣ ਵਜੋਂ ਆਪਣੇ ਕੰਮ ਦਾ ਚੇਤਾ ਰਹੇ। ਤਿਆਰ ਬਰ ਤਿਆਰ ਰਹੋ:

- ਟੀਮ ਦੇ ਮੈਂਬਰਾਂ ਨੂੰ ਨਿਯਮਤ ਰੂਪ ਵਿਚ ਮਿਲੋ
- ਇਸ ਗੱਲ ਦਾ ਧਿਆਨ ਰੱਖੋ ਕਿ ਤੁਹਾਡੇ ਬੱਚੇ ਦਾ ਸੁਧਾਰ ਹੋ ਰਿਹਾ ਹੋਵੇ
- ਟੀਮ ਦੇ ਮੈਂਬਰਾਂ ਵੱਲੋਂ ਦਰਜ ਕੀਤੀ ਗਈ ਜਾਣਕਾਰੀ ਦਾ ਜਾਇਜ਼ਾ ਲਓ
- ਆਪਣੇ ਬੱਚੇ ਦੀਆਂ ਲੋੜਾਂ ਦਾ ਮੁਲਾਂਕਣ ਕਰੋ ਤੇ ਉਨ੍ਹਾਂ ਬਾਰੇ ਟੀਮ ਨੂੰ ਦੱਸੋ
- ਇਹ ਗੱਲ ਵਿਚਾਰਦੇ ਰਹੋ ਕਿ ਕੀ ਤੁਸੀ 'ਦਖਲ ਦੀ ਵਰਤਾਓ ਯੋਜਨਾ' (BPI) ਵਿਚ ਮਿੱਥੇ ਟੀਚੇ ਪੂਰੇ ਹੋਣ ਵਾਲੀ ਤਰੱਕੀ ਦੇਖ ਰਹੇ ਹੋ
- ਜੇ ਲੋੜ ਪਵੇ ਤਾਂ ਫਿਰ ਇਸ ਗੱਲ ਦਾ ਜਾਇਜ਼ਾ ਲਓ ਕਿ ਕੀ ਟੀਮ ਦੇ ਮੈਂਬਰ ਤੁਹਾਡੇ ਬੱਚੇ ਲਈ ਪੂਰੀ ਤਰ੍ਹਾਂ ਸਹੀ ਹਨ

### ਧਿਆਨ ਦਿਓ

ਆਪਣੇ ਬੱਚੇ ਦੇ ਪ੍ਰੋਗਰਾਮ ਅਤੇ ਸੇਵਾ ਪ੍ਰਦਾਨ ਕਰਨ ਵਾਲੇ ਦਾ ਮੁਲਾਂਕਣ ਕਰੋ ਜੇ:

- ਵਰਤਾਉ ਸਲਾਹਕਾਰ (ਬੀ ਸੀ), ਤੁਹਾਡੀ ਪਸੰਦ ਦੇ ਵਿਹਾਰਕ ਹੁਨਰਾਂ ਦੇ ਸਿਲਸਿਲੇ ਵਿਚ ਤੁਹਾਡੇ ਪਰਿਵਾਰ ਦੀਆਂ ਮੁੱਖ ਲੋੜਾਂ ਬਾਰੇ ਕਦੇ ਨਹੀ ਪੁੱਛਦੇ।
- ਤੁਹਾਨੂੰ ਹਰ ਮਹੀਨੇ ਵਰਤਾਉ ਸਲਾਹਕਾਰ (ਬੀ ਸੀ) ਦੀਆਂ ਸੇਵਾਵਾਂ ਬਦਲੇ ਪੈਸੇ ਤਾਂ ਦੇਣੇ ਪੈਂਦੇ ਹਨ, ਪਰ ਉਹ ਕਦੇ-ਕਦਾਈਂ ਹੀ ਤੁਹਾਡੇ ਬੱਚੇ ਨੂੰ ਦੇਖਦੇ ਹਨ।
- ਵਰਤਾਉ ਸਲਾਹਕਾਰ (ਬੀ ਸੀ) ਕਦੇ ਵੀ ਨਹੀ ਜਾਂ ਕਦੇ-ਕਦਾਈਂ ਹੀ, ਵਰਤਾਉ ਸਬੰਧੀ ਇਲਾਜ ਕਰਤਾ ਨੂੰ ਆਹਮੋ-ਸਾਹਮਣੇ ਜਾਂ ਵਿਡੀਓ ਰਾਹੀਂ ਦੇਖਦੇ ਹਨ।
- ਇਕ ਸਾਲ ਪਹਿਲਾਂ ਪ੍ਰੋਗਰਾਮ ਸ਼ੁਰੂ ਹੋਣ ਤੋਂ ਲੈ ਕੇ ਹੁਣ ਤਕ ਤੁਹਾਡੇ ਬੱਚੇ ਵਿਚ ਕੋਈ ਸੁਧਾਰ ਹੋਇਆ ਨਾ ਦਿਸੇ।
- ਸਾਰਾ ਇਲਾਜ ਕਿਸੇ ਵੱਖਰੇ ਕਮਰੇ ਵਿਚ ਕੀਤਾ ਜਾਂਦਾ ਹੋਵੇ, ਤੁਹਾਨੂੰ ਆਪਣੇ ਬੱਚੇ ਦੇ ਨਵੇਂ ਹੁਨਰ ਦੇਖਣ ਜਾਂ ਉਸ ਵੱਲੋਂ ਉਨ੍ਹਾਂ ਨੂੰ ਵਰਤਣ ਵਿਚ ਮਦਦ ਕਰਨਾ ਸਿੱਖਣ ਲਈ ਉਤਸ਼ਾਹ ਨਹੀ ਦਿੱਤਾ ਜਾਂਦਾ। ਮਿਸਾਲ ਦੇ ਤੌਰ 'ਤੇ ਜੇ ਤੁਹਾਡਾ ਬੱਚਾ ਰੰਗਾਂ ਨੂੰ ਪਛਾਨਣਾ ਸਿੱਖਦਾ ਹੈ ਤਾਂ ਤੁਹਾਨੂੰ ਇਹ ਸਿਖਾਇਆ ਜਾਣਾ ਚਾਹੀਦਾ ਹੈ ਕਿ ਉਸ ਨੂੰ ਇਹ ਸਭ ਕੁੱਝ ਨਾਸ਼ਤਾ ਕਰਨ ਤੋਂ ਲੈ ਕੇ ਨਹਾਉਣ ਤਕ ਦੇ ਸਮੇ ਦੌਰਾਨ ਕਿਵੇ ਯਾਦ ਕਰਾਉਣਾ ਹੈ।

## ਕਦਮ 6: ਔਟਿਜ਼ਮ ਅਤੇ ਆਪਣੇ ਬੱਚੇ ਬਾਰੇ ਸਿੱਖਦੇ ਰਹਿਣਾ

### ਵਰਕਸ਼ਾਪਾਂ ਅਤੇ ਟ੍ਰੇਨਿੰਗ

ਜਿਵੇਂ-ਜਿਵੇਂ ਔਟਿਜ਼ਮ ਵਾਲੇ ਬੱਚੇ, ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਦੌਰਾਨ ਵਿਕਾਸ ਕਰਦੇ ਅਤੇ ਵਧਦੇ ਹਨ, ਮਾਪਿਆਂ ਨੂੰ ਅਕਸਰ ਨਵੀਆਂ ਨੀਤੀਆਂ ਦੀ ਲੋੜ ਪੈਂਦੀ ਹੈ। ਤੁਹਾਨੂੰ ਹਾਂ ਪੱਖੀ ਅਤੇ ਵਿਹਾਰਕ, ਫਾਇਦੇਮੰਦ ਨੀਤੀਆਂ ਨਾਲ ਲੈਸ ਕਰਨ ਲਈ ਐਕਟ ਅਤੇ ਹੋਰ ਸੰਸਥਾਵਾਂ, ਔਟਿਜ਼ਮ ਅਤੇ ਹੋਰ ਵਿਸ਼ੇਸ਼ ਲੋੜਾਂ, ਜਿਨ੍ਹਾਂ ਵਿਚ ਹੇਠ ਲਿਖੀਆਂ ਗੱਲਾਂ ਵੀ ਸ਼ਾਮਲ ਹਨ, ਨਾਲ ਢੁਕਵੀਆਂ ਵੱਖ-ਵੱਖ ਸਿਖਲਾਈਆਂ ਲੈਣ ਦੇ ਮੌਕੇ ਦਿੰਦੀਆਂ ਹਨ:

- ☐ ਸਮਾਜਿਕ ਹੁਨਰ
- ☐ ਟਾਇਲਟ ਟਰੇਨਿੰਗ
- ☐ ਗਭਰੇਟ ਅਵੱਸਥਾ ਤੇ ਅੱਲ੍ਹੜਪੁਣਾ
- ☐ ਬੱਚਿਆਂ ਦਾ ਮਨ ਪ੍ਰਚਾਵਾ
- ☐ ਹਾਂ-ਪੱਖੀ ਵਰਤਾਉ ਸਬੰਧੀ ਮਦਦ
- ☐ ਬਾਲਗ ਹੋਣ ਵੱਲ ਵਧਣਾ

ਇਹ ਵਰਕਸ਼ਾਪਾਂ ਤੇ ਕਾਨਫਰੰਸਾਂ ਉਨ੍ਹਾਂ ਲੋਕਾਂ ਨੂੰ ਮਿਲਣ ਦਾ ਭਰਪੂਰ ਮੌਕਾ ਵੀ ਦਿੰਦੀਆਂ ਹਨ, ਜਿਹੜੇ ਤੁਹਾਡੇ ਹਿੱਤਾਂ ਦੇ ਭਾਈਵਾਲ ਹੀ ਨਹੀ ਹੁੰਦੇ, ਸਗੋਂ ਵਿਕਾਸ ਦੇ ਨਵੇਂ ਰਾਹ ਵੀ ਲੱਭਦੇ ਹਨ।

- ■ ਐਕਟ ਦੇ ਫੰਕਸ਼ਨ: www.actcommunity.ca/events
- ■ ਉਹ ਸਭਾਵਾਂ ਤੇ ਇਕੱਠ ਜੋ ਐਕਟ ਦੀ ਥਾਂ ਹੋਰ ਸੰਸਥਾਵਾਂ ਵੱਲੋਂ ਬੀ. ਸੀ. ਵਿਚ ਕੀਤੇ ਜਾਣੇ ਹਨ: www.actcommunity.ca/non-act-events

### ਐਕਟ ਦਾ ਬੀ. ਸੀ ਲਈ ਔਟਿਜ਼ਮ ਮੈਨੂਅਲ: ਬ੍ਰਿਟਿਸ਼ ਕੋਲੰਬੀਆ ਵਿਚ ਏ. ਐੱਸ. ਡੀ. ਵਾਲੇ ਬਚਿਆਂ ਨਾਲ ਰਹਿਣਾ ਅਤੇ ਕੰਮ ਕਰਨਾ – ਮਾਪਿਆਂ ਅਤੇ ਕਮਿਊਨਿਟੀ ਪੇਸ਼ਾਵਰਾਂ ਲਈ ਮੈਨੁਅਲ



ਐਕਟ ਦਾ ਬੀ. ਸੀ ਲਈ ਔਟਿਜ਼ਮ ਮੈਨੁਅਲ ਦੇ ਭਾਗਾਂ ਵਿਚ, ਇਸ ਗਾਈਡ ਵਿਚ ਦਰਜ ਵਿਸ਼ਿਆਂ ਬਾਰੇ ਹੋਰ ਵੀ ਬਹੁਤ ਜ਼ਿਆਦਾ ਵੇਰਵੇ ਹਨ! ਇਹ ਸਾਰੇ ਹੀ ਭਾਗ www.actcommunity.ca/autism-manual-for-bc ਤੋਂ ਮੁਫਤ ਮਿਲਦੇ ਹਨ ਅਤੇ ਡਾਊਨਲੋਡ ਕਰਨ ਯੋਗ ਹਨ:

- ☐ ਇੰਟਰੋਡੱਕਸ਼ਨ: ਜਾਣ-ਪਛਾਣ: ਸ਼ੁਰੂਆਤ ਅਤੇ ਤੁਹਾਡਾ ਸਫਰ
- ☐ ਭਾਗ 1: ਬ੍ਰਿਟਿਸ਼ ਕੋਲੰਬੀਆ ਵਿਚ ਮੁਆਇਨੇ ਦੀ ਕਾਰਵਾਈ
- ☐ ਭਾਗ 2: ਏ.ਐੱਸ.ਡੀ. ਵਾਲੇ ਬੱਚੇ ਲਈ ਇਲਾਜ ਨੂੰ ਵਿਕਸਿਤ ਕਰਨਾ
- ☐ ਭਾਗ 3: ਔਟਿਜ਼ਮ ਦੇ ਇਲਾਜ ਵਿਚ ਡਾਕਟਰੀ ਮੁੱਦੇ
- ☐ ਭਾਗ 4: ਐੱਮ.ਸੀ.ਐੱਫ.ਡੀ.- ਵਲੋਂ ਫੰਡ ਹੋਈਆਂ ਏ.ਐੱਸ.ਡੀ. ਵਾਲੇ ਬੱਚਿਆਂ ਲਈ ਸੇਵਾਵਾਂ
- ☐ ਭਾਗ 5: ਆਰ.ਏ.ਐੱਸ.ਪੀ. ਵਾਲੇ ਪੇਸ਼ਾਵਰਾਂ ਨਾਲ ਠੇਕਾ ਕਰਨਾ
- ☐ ਭਾਗ 6: ਐਮ.ਸੀ.ਐੱਫ.ਡੀ. ਦੀਆਂ ਸੇਵਾਵਾਂ ਖਾਸ ਲੋੜਾਂ ਵਾਲੇ ਸਾਰੇ ਬੱਚਿਆਂ ਲਈ ਮੌਜੂਦ ਹਨ
- ☐ ਭਾਗ 7: ਬੀ. ਸੀ. ਦਾ ਸਿੱਖਿਆ ਸਿਸਟਮ- ਏ.ਐੱਸ.ਡੀ. ਵਾਲੇ ਬੱਚਿਆਂ ਅਤੇ ਵਿਦਿਆਰਥੀਆਂ ਨਾਲ ਜਾਣ-ਪਛਾਣ
- ☐ ਭਾਗ 8: ਬੀ. ਸੀ. ਦੇ ਸਕੂਲ ਸਿਸਟਮ ਨੂੰ ਰਾਹ ਦਿਖਾਉਣ ਵਿਚ ਮਾਪਿਆਂ ਦਾ ਸਿਫਾਰਿਸ਼ੀ ਰੋਲ
- ☐ ਭਾਗ 9: ਹਾਈ ਸਕੂਲ ਤੋਂ ਬਾਅਦ ਕੰਮ ਤੇ ਜਾਣ ਤਕ ਦੇ ਬਦਲਾਅ ਲਈ ਤਿਆਰ
- ☐ ਭਾਗ 10: ਬੀ. ਸੀ. ਵਿਚ ਖਾਸ ਲੋੜਾਂ ਵਾਲੇ ਬੱਚਿਆਂ ਦੇ ਮਾਪਿਆਂ ਵਲੋਂ ਵਸੀਅਤ ਕਰਨਾ
- ☐ ਭਾਗ 11: ਐਕਟ ਦੀ ਗਾਈਡ, ਕਮਿਊਨਿਟੀ ਗਰੁੱਪ ਬਣਾਉਣ ਲਈ
- ☐ ਸ਼ਬਦ-ਅਰਥ: ਅਖਰਾਂ ਅਤੇ ਛੋਟੇ ਅਖਰਾਂ ਦੇ ਸ਼ਬਦ-ਅਰਥ: ਬੀ. ਸੀ. ਵਿਚ ਛੋਟੇ ਅਖਰਾਂ ਦੀ ਗਾਈਡ

### ਫੰਡਿੰਗ ਸਬੰਧੀ ਸਿਖਲਾਈ

**ਔਟਿਜ਼ਮ ਸਬੰਧੀ ਫੰਡਿੰਗ**
ਔਟਿਜ਼ਮ ਸਬੰਧੀ ਫੰਡਿੰਗ ਦਾ ਕੁੱਝ ਫੀਸਦੀ ਹਿੱਸਾ, ਮਾਪਿਆਂ ਦੀ ਸਿਖਲਾਈ ਲਈ ਵਰਤਿਆ ਜਾ ਸਕਦਾ ਹੈ। ਵੇਰਵੇ ਲਈ “ਦੀ ਹਬ” ਦੇਖੋ।

**ਮਾਲੀ ਮਦਦ**
2014 ਵਿਚ ਐਕਟ ਨੇ 24,000 ਡਾਲਰ ਘਟ ਆਮਦਨ ਵਾਲੇ ਪਰਿਵਾਰਾਂ ਨੂੰ ਅਤੇ ਐਕਟ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਬਾਹਰਲੇ ਇਲਾਕਿਆਂ ਤੋਂ ਸਫਰ ਕਰ ਕੇ ਆਉਣ ਵਾਲਿਆਂ ਨੂੰ ਮਾਲੀ ਮਦਦ ਵਜੋਂ ਦਿੱਤੇ ਸਨ। ਵੇਰਵੇ ਲਈ ਐਕਟ ਨੂੰ ਕਾਲ ਕਰੋ ਜਾਂ www.actcommunity.ca/bursaries ਦੇਖੋ।

### ਔਟਿਜ਼ਮ ਦੀਆਂ ਵੀਡੀਓ @ ACT

ਔਟਿਜ਼ਮ ਦੀਆਂ ਵੀਡੀਓ @ ACT (AVA) ਤੋਂ ਮਾਪਿਆਂ ਅਤੇ ਭਾਈਚਾਰੇ ਵਿਚ ਕੰਮ ਕਰਦੇ ਪੇਸ਼ਾਵਰ ਲੋਕਾਂ ਨੂੰ ਲੋੜੀਦੀਆਂ, ਸਾਰੀਆਂ ਵਿਸ਼ੇਸ਼ ਲੋੜਾਂ ਬਾਰੇ ਵਧੀਆ ਅਮਲੀ ਜਾਣਕਾਰੀ ਨਾਲ ਭਰਪੂਰ ਵਿਡੀਓਜ਼ ਮੁਫਤ ਅਤੇ ਤੁਰੰਤ ਮਿਲਦੀਆਂ ਹਨ। 2015 ਵਿਚ, ਹੇਠ ਲਿਖੀਆਂ ਸਮੇਤ 15 ਤੋਂ ਵੱਧ ਵਿਡੀਓਜ਼ ਮਿਲਦੀਆਂ ਹਨ:

- ☐ ਏ.ਐੱਸ.ਡੀ. ਵਾਲੇ ਬੱਚਿਆਂ ਨੂੰ ਕਮਊਨਿਟੀ ਮਨ-ਪਰਚਾਵੇ ਲਈ ਤਿਆਰ, ਸੈਟ ਕਰਨਾ ਅਤੇ ਸਿਖਾਉਣਾ *ਨਵੀਂ*
- ☐ ਏ.ਐੱਸ.ਡੀ. ਵਾਲੇ ਬੱਚਿਆਂ ਦੀਆਂ ਨੀਂਦ ਸਬੰਧੀ ਸਮੱਸਿਆਂਵਾਂ ਹਲ ਕਰਨੀਆਂ *ਨਵੀਂ*
- ☐ ਸਾਰੀਆਂ ਨੂੰ ਪੌਟੀ ਟ੍ਰੇਨ ਕਰਨਾ: ਕਦੇ ਵੀ ਦੇਰੀ ਨਹੀ! ਦੁਬਾਰਾ! *ਨਵੀਂ*
- ☐ ਸ਼ੁਰੂ ਵਿਚ ਦਖਲ ਦੇ ਵਧੀਆ ਢੰਗ: ਪਰਿਵਾਰਾਂ ਦੀ “ਟੀਮ” ਬਣਾਉਣ ਵਿਚ ਮਦਦ ਕਰਨੀ
- ☐ ਸਿੱਖਿਆ, ਏਕੀਕਰਨ, ਸ਼ਮੂਲੀਅਤ: ਖਾਸ ਲੋੜਾਂ ਵਾਲੇ ਮਾਪਿਆਂ ਬੱਚਿਆਂ ਦੇ ਲਈ ਅਸਲੀ ਜਾਣਕਾਰੀ
- ☐ ਏ.ਐੱਸ.ਡੀ. ਵਾਲੇ ਲੋਕ ਅਤੇ ਮਾਨਸਿਕ ਸਿਹਤ
- ☐ ਬੀ. ਸੀ. ਵਿਚ ਖਾਸ ਲੋੜਾਂ ਵਾਲੇ ਬੱਚਿਆਂ ਦੇ ਮਾਪਿਆਂ ਵਲੋਂ ਵਸੀਅਤ ਕਰਨਾ

AVA ਨੂੰ ਲਗਾਤਾਰ ਨਵੀਂਆਂ ਪੇਸ਼ਕਾਰੀਆਂ ਨਾਲ ਅਪਡੇਟ ਕੀਤਾ ਜਾਂਦਾ ਹੈ। ਤਾਜ਼ਾ ਪੇਸ਼ਕਾਰੀਆਂ ਲਈ www.actcommunity.ca/videos ਦੇਖੋ।

## ਐਕਟ ਦੇ ਵਸੀਲਿਆਂ ਉੱਤੇ ਇੱਕ ਨਜ਼ਰ

ASD ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਲੋੜਾਂ ਸਮੇਂ ਅਨੁਸਾਰ ਬਹੁਤ ਬਦਲਦੀਆਂ ਰਹਿੰਦੀਆਂ ਹਨ। ਐਕਟ ਸਾਰੇ ਬੀ. ਸੀ. ਵਿਚ ਪਰਿਵਾਰਾਂ ਨੂੰ ਲਗਾਤਾਰ ਸੂਚਨਾ, ਸਿਖਲਾਈ ਅਤੇ ਮਦਦ ਦੇਣ ਲਈ ਹਰ ਸਮੇਂ ਮੌਜੂਦ ਹੈ ਅਤੇ ਨਾਲ ਹੀ ਪੇਸ਼ਾਵਰ ਮਾਹਰ ਮਦਦ ਕਰਨ ਲਈ ਮੌਜੂਦ ਹਨ।

### ਆਨਲਾਈਨ ਵਸੀਲੇ

- ਐਕਟ ਦੀ ਵੈੱਬਸਾਈਟ – ਐਕਟ ਦੀ ਵੈੱਬਸਾਈਟ ਵਿਚ, ਸਾਡੇ ਵੱਲੋਂ ਦਿੱਤੇ ਵਸੀਲਿਆਂ ਦੇ ਨਾਲ-ਨਾਲ ਹੋਰ ਬਹੁਤ ਵਧੀਆ ਵਸੀਲਿਆਂ ਦੇ ਅਤੇ ਬ੍ਰਿਟਿਸ਼ ਕੋਲੰਬੀਆ ਭਰ ਵਿਚ ਹੁੰਦੀਆਂ ਸਰਗਰਮੀਆਂ ਦੇ ਲਿੰਕ ਦਰਜ ਹਨ। ਇਨ੍ਹਾਂ ਵਿਚ ਖੋਜ ਤੋਂ ਲੈ ਕੇ ਮਨ ਪ੍ਰਚਾਵੇ ਦੇ ਪ੍ਰੋਗਰਾਮਾਂ ਤਕ, ਮਾਪਿਆਂ ਦੇ ਗਰੁੱਪਾਂ ਤੋਂ ਲੈ ਕੇ ਪੌਟੀ ਟਰੇਨਿੰਗ ਤਕ ਬਹੁਤ ਕੁੱਝ ਹੈ! www.actcommunity.ca

- Autism Videos @ ACT (AVA) – ਬਹੁਤ ਸਾਰੇ ਵਿਸ਼ਿਆਂ ਉੱਤੇ ਫਿਲਮਾਈ ਗਈ ਮਾਹਰ ਅਤੇ ਫਾਇਦੇਮੰਦ ਜਾਣਕਾਰੀ; ਸੰਪਾਦਤ, ਮੁਹਾਰਤ ਤੇ ਫਾਇਦੇਮੰਦ ਢੰਗਾਂ ਨਾਲ ਭਰੀਆਂ ਵਿਡੀਓਜ਼, ਤੁਹਾਡੇ ਕੰਪਿਊਟਰ ਉੱਤੇ ਮੁਫ਼ਤੋ-ਮੁਫ਼ਤ, ਉਹ ਵੀ ਜਦੋਂ ਤੁਸੀਂ ਚਾਹੋ! www.actcommunity.ca/videos

- The Autism Information Database – (AID)
  - ਆਪਣੇ ਇਲਾਕੇ ਵਿਚ ਔਟਿਜ਼ਮ ਨਾਲ ਸਬੰਧਤ ਸੇਵਾਵਾਂ ਜਾਣਨ ਲਈ ਆਪਣਾ ਪੋਸਟਲ ਕੋਡ ਕੰਪਿਊਟਰ ਵਿਚ ਪਾਉ ।
  - ਸੰਸਾਰ ਭਰ ਵਿਚ ਭਰੋਸੇ ਯੋਗ ਵੈੱਬਸਾਈਟ www.actcommunity.ca/aid ਤੋਂ ਬਹੁਤ ਹੀ ਸੌਖੀ ਖੋਜ ਤੁਹਾਡੇ ਲਈ ਵਸੀਲਿਆਂ ਦੇ ਅੰਬਾਰ ਲਗਾ ਦੇਵੇਗੀ।




- ਔਟਿਜ਼ਮ ਸਬੰਧੀ ਸੇਵਾਵਾਂ ਦੇਣ ਵਾਲਿਆਂ ਦੀ ਰਜਿਸਟਰੀ (RASP) www.actcommunity.ca/rasp/information-for-parents/
  ਇਹ, ਔਟਿਜ਼ਮ ਸਬੰਧੀ 500 ਤੋਂ ਵੱਧ ਉਨ੍ਹਾਂ ਪੇਸ਼ਾਵਰ ਮਾਹਰਾਂ ਨੂੰ ਲੱਭਣ ਲਈ ਇਕ ਯੋਗ ਸੂਚੀ ਹੈ, ਜਿਨ੍ਹਾਂ ਦੀਆਂ ਸੇਵਾਵਾਂ, ਪਰਿਵਾਰਾਂ ਵੱਲੋਂ ਔਟਿਜ਼ਮ ਫੰਡਿੰਗ ਦੀ ਵਰਤੋਂ ਕਰ ਕੇ ਲਈਆਂ ਜਾ ਸਕਦੀਆਂ ਹਨ।

- ਐਕਟ ਦਾ ਬੀ. ਸੀ ਲਈ ਔਟਿਜ਼ਮ ਮੈਨੁਅਲ ਬ੍ਰਿਟਿਸ਼ ਕੋਲੰਬੀਆ ਵਿਚ ਏ. ਐੱਸ. ਡੀ. ਵਾਲੇ ਬਚਿਆਂ ਨਾਲ ਰਹਿਣਾ ਅਤੇ ਕੰਮ ਕਰਨਾ – ਮਾਪਿਆਂ ਅਤੇ ਕਮਿਊਨਿਟੀ ਪੇਸ਼ਾਵਰਾਂ ਲਈ ਮੈਨੁਅਲ
  ਭਾਗਾਂ ਦੀ ਸੂਚੀ ਲਈ ਇਸ ਗਾਈਡ ਦਾ ਪੰਨਾ 10 ਦੇਖ
  www.actcommunity.ca/autism-manual




### ਨਿੱਜੀ ਮਦਦ

ਸੂਚਨਾ ਅਧਿਕਾਰੀ – ਐਕਟ ਦੇ ਦੋਸਤਾਨਾ ਤੇ ਸਿਆਣੇ ਸੂਚਨਾ ਅਧਿਕਾਰੀਆਂ ਦੀ ਟੀਮ, ਸਾਡੇ ਬਰਨਬੀ ਦਫਤਰ ਵਿਚ, ਫੈਮਿਲੀ ਰੀਸੋਰਸ ਸੈਂਟਰ ਵਿਖੇ ਟੈਲੀਫੋਨ, ਸਕਾਈਪ, ਈਮੇਲ ਦੇ ਨਾਲ-ਨਾਲ ਨਿੱਜੀ ਰੂਪ ਵਿਚ ਵੀ ਅੰਗਰੇਜ਼ੀ, ਮੈਂਡਰਿਨ, ਅਤੇ ਕੈਂਟੋਨੀਜ਼ ਵਿਚ ਵਿਅਕਤੀਗਤ ਮਦਦ ਦਿੰਦੀ ਹੈ।

### ਪ੍ਰਾਈਵੇਸੀ ਦਾ ਬਚਾਅ

ਐਕਟ ਦੀਆਂ ਸੇਵਾਵਾਂ ਨੂੰ ਗੁੱਪਤ ਰੱਖਿਆ ਜਾਂਦਾ ਹੈ, ਤੁਹਾਡੀ ਪ੍ਰਾਈਵੇਸੀ ਰੱਖੀ ਜਾਵੇਗੀ। ਫੋਨ ਕਰਨ ਵਾਲੇ ਆਪਣੇ ਨਾਂ ਗੁਪਤ ਰੱਖ ਸਕਦੇ ਹਨ, ਪਰ ਅਸੀ ਇਸ ਦੀ ਸਲਾਘਾ ਕਰਾਂਗੇ ਜੇ ਉਹ ਸਾਨੂੰ ਆਪਣੀ ਰਿਹਾਇਸ਼ੀ ਅਬਾਦੀਆਂ ਬਾਰੇ, ਉਨ੍ਹਾਂ ਨਾਲ ਸਬੰਧਤ ਮੁੱਦਿਆਂ ਬਾਰੇ ਅਤੇ ਜਿਹੜੇ ਬੱਚਿਆਂ ਦੀ ਉਹ ਮਦਦ ਕਰ ਰਹੇ ਹਨ, ਉਨ੍ਹਾਂ ਦੀ ਉਮਰ ਬਾਰੇ ਜਾਣਕਾਰੀ ਦੇਣ। ਇਹੋ ਜਿਹੀ ਕੋਈ ਗੱਲ ਨਹੀ ਕੀਤੀ ਜਾਵੇਗੀ, ਜਿਸ ਨਾਲ ਬੱਚੇ ਜਾਂ ਉਨ੍ਹਾਂ ਦੇ ਪਰਿਵਾਰ ਦੀ ਪਛਾਣ ਹੋਵੇ। ਫਿਰ ਵੀ ਐਕਟ ਪਰਿਵਾਰਾਂ ਅਤੇ ਪੇਸ਼ਾਵਰ ਮਾਹਰਾਂ ਨੂੰ ਬਿਹਤਰ ਸੇਵਾਵਾਂ ਦੇਣ ਖਾਤਰ ਇਹ ਚਾਹੁੰਦੀ ਹੈ ਕਿ ਬੀ. ਸੀ. ਵਿਚ ਔਟਿਜ਼ਮ ਵਾਲੇ ਭਾਈਚਾਰੇ ਦੀਆਂ ਲੋੜਾਂ ਦੀ ਪਛਾਣ ਕਰਨ ਵਿਚ ਮਦਦ ਕਰਨ ਲਈ, ਜਿਹੜੇ ਲੋਕ ਉਸ ਤੋਂ ਸੇਵਾ ਲੈਣ, ਉਹ ਆਪਣੇ ਦੁੱਖ-ਤਕਲੀਫਾਂ ਦਾ ਵੇਰਵਾ ਉਸ ਨੂੰ ਲਿਖਾ ਹੀ ਦੇਣ। ਐਕਟ ਦੀ ਪ੍ਰਾਈਵੇਸੀ (ਗੁਪਤਤਾ) ਸਬੰਧੀ ਨੀਤੀ ਦੇ ਵੇਰਵੇ ਲਈ ਦੇਖੋ: www.actcommunity.ca/about-us/privacy/.

### MCFD ਵਸੀਲੇ

ਮਾਪਿਆਂ ਲਈ ਕਿਤਾਬ: ਔਟਿਜ਼ਮ ਦੀ ਪ੍ਰੋਗਰਾਮਾਂ ਬਾਰੇ ਗਾਈਡ
www.mcf.gov.bc.ca/autism/handbook.htm

ਔਟਿਜ਼ਮ ਦੀ ਫੰਡਿਗ ਵਰਤਨਾ: ਯੋਗ ਖਰਚੇ
www.mcf.gov.bc.ca/autism/publications.htm

**ਔਟਿਜ਼ਮ ਫੰਡਿਗ ਦੇ ਫਾਰਮ**
www.mcf.gov.bc.ca/autism/forms.htm

**ਸਥਾਨਿਕ MCFD ਦਫਤਰ**
www.mcf.gov.bc.ca/spec_needs/contacts.htm

**ਔਟਿਜ਼ਮ ਫੰਡਿਗ ਬਰਾਂਚ**
1-877-777-3530

### ਮਹੀਨੇ ਭਰ ਦੀਆਂ ਖਬਰਾਂ ਦੀ ਜਾਣਕਾਰੀ ਰੱਖਣਾ:

ਐਕਟ ਲਗਾਤਾਰ ਨਵੇਂ ਵਸੀਲਿਆਂ ਦਾ ਵਿਕਾਸ ਕਰਦੀ ਰਹਿੰਦੀ ਹੈ। ਅਸੀ ਮਾਪਿਆਂ ਅਤੇ ਪੇਸ਼ਾਵਰ ਲੋਕਾਂ ਨੂੰ ਬੀ. ਸੀ. ਅਤੇ ਬਾਹਿਰ ਦੀਆਂ, ਔਟਿਜ਼ਮ ਨਾਲ ਸਬੰਧਤ ਭਾਈਚਾਰੇ ਵਿਚ ਵਾਪਰਦੀਆਂ ਘਟਨਾਵਾਂ ਨਾਲ ਜੋੜੀ ਰੱਖਦੇ ਹਾਂ। ਐਕਟ ਦੀਆਂ ਮਹੀਨੇ ਭਰ ਦੀਆਂ ਖਬਰਾਂ ਅਤੇ ਸਮਾਗਮਾਂ ਸਬੰਧੀ ਐਲਾਨ ਈਮੇਲ ਰਾਹੀ ਜਾਨਣ ਲਈ www.actcommunity.ca/mailing-list। ਉੱਤੇ ਸਾਈਨ-ਅੱਪ ਕਰੋ। ਇਸ ਵਿਚ ਗੁਪਤ ਜਾਣਕਾਰੀ ਨਹੀ ਦਿੱਤੀ ਜਾਂਦੀ।

act Autism Community Training

**ਸੋਮਵਾਰ ਤੋਂ ਸ਼ੁੱਕਰਵਾਰ**
**ਸਵੇਰੇ 8:30 – 4:30 ਸ਼ਾਮ**

**ਸੂਇਟ** 150-2250 **ਬਾਊਂਡਰੀ ਰੋਡ,**
**ਬਰਨਬੀ, ਬੀ ਸੀ, ਕੈਨੇਡਾ,** V5M 3Z3

**ਫੋਨ: 604-205-5467**
**ਖਰਚੇ ਤੋਂ ਬਗੈਰ ਫੋਨ: 1-866-939-5188**
**ਈਮੇਲ: info@actcommunity.ca**
**ਵੈੱਬ: www.actcommunity.ca**